Punjabi/ਪੰਜਾਬੀ


Australian Government

ਵੋਟ ਪਾਉਣਾ ਲਾਜ਼ਮੀ ਹੈ

ਤੁਹਾਡਾ ਅਧਿਕਾਰਤ

# ਰੈਫਰੈਂਡਮ (ਜਨਮਤ ਸੰਗ੍ਰਹਿ) ਕਿਤਾਬਚਾ

ਇਸ ਕਿਤਾਬਚੇ ਵਿੱਚ ਸ਼ਾਮਲ ਹਨ:





ਪੰਨਾ 5




ਪੰਨਾ 21

# ਇਸ ਕਿਤਾਬਚੇ ਬਾਰੇ

ਇਸ ਅਧਿਕਾਰਤ ਰੈਫਰੈਂਡਮ (ਜਨਮਤ ਸੰਗ੍ਰਹਿ) ਕਿਤਾਬਚੇ ਵਿੱਚ ਦੋ ਮਹੱਤਵਪੂਰਨ ਦਸਤਾਵੇਜ਼ ਹਨ:
ਤੁਹਾਡਾ ਅਧਿਕਾਰਤ Yes/No ਰੈਫਰੈਂਡਮ (ਜਨਮਤ ਸੰਗ੍ਰਹਿ) ਪਰਚਾ, ਅਤੇ
2023 ਰੈਫਰੈਂਡਮ (ਜਨਮਤ ਸੰਗ੍ਰਹਿ) ਲਈ ਤੁਹਾਡੀ ਅਧਿਕਾਰਤ ਗਾਈਡ।




## ਪੰਨਾ 5 ਤੁਹਾਡਾ ਅਧਿਕਾਰਤ Yes/No ਰੈਫਰੈਂਡਮ (ਜਨਮਤ ਸੰਗ੍ਰਹਿ) ਪਰਚਾ

### ਪੰਨਾ 6 ਸੰਵਿਧਾਨ ਵਿੱਚ ਕੀ ਬਦਲਾਅ ਹੋ ਸਕਦਾ ਹੈ

ਇਹ ਪੰਨਾ ਸੰਵਿਧਾਨ ਵਿੱਚ ਕੀਤੇ ਜਾਣ ਵਾਲੇ ਪ੍ਰਸਤਾਵਿਤ ਬਦਲਾਵਾਂ ਬਾਰੇ ਦੱਸਦਾ ਹੈ।

ਪ੍ਰਸਤਾਵਿਤ ਕਾਨੂੰਨ ਸੰਸਦ ਦੇ ਦੋਵਾਂ ਸਦਨਾਂ ਦੁਆਰਾ ਪਾਸ ਕੀਤਾ ਗਿਆ ਸੀ: ਸੰਵਿਧਾਨਕ ਤਬਦੀਲੀ (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵੌਇਸ)) 2023 (Constitution Alteration (Aboriginal and Torres Strait Islander Voice) 2023)

### ਪੰਨਾ 7 Yes ਅਤੇ No ਕੇਸ

Yes ਵਿੱਚ ਵੋਟ ਪਾਉਣ ਦਾ ਕੇਸ ਅਤੇ No ਵਿੱਚ ਵੋਟ ਪਾਉਣ ਦਾ ਕੇਸ ਆਹਮੋ-ਸਾਹਮਣੇ ਪੇਸ਼ ਕੀਤਾ ਗਿਆ ਹੈ।

Yes/No ਕੇਸ ਸੰਸਦ ਦੇ ਬਹੁਗਿਣਤੀ ਮੈਂਬਰਾਂ ਦੁਆਰਾ ਪ੍ਰਦਾਨ ਕੀਤੇ ਗਏ ਹਨ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਪੱਖ ਜਾਂ ਵਿਰੋਧ ਵਿੱਚ ਵੋਟ ਪਾਈ ਹੈ ਅਤੇ ਜੋ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ।

**AEC ਕੋਲ Yes ਜਾਂ No ਕੇਸਾਂ ਵਿੱਚ ਸੋਧ ਜਾਂ ਤੱਥਾਂ ਦੀ ਜਾਂਚ ਕਰਨ ਦਾ ਵਿਧਾਨਕ ਅਧਿਕਾਰ ਨਹੀਂ ਹੈ।**




## ਪੰਨਾ 21 2023 ਰੈਫਰੈਂਡਮ (ਜਨਮਤ ਸੰਗ੍ਰਹਿ) ਲਈ ਤੁਹਾਡੀ ਅਧਿਕਾਰਤ ਗਾਈਡ।

ਅਧਿਕਾਰਤ ਗਾਈਡ ਵਿੱਚ ਵੋਟ ਪਾਉਣ ਅਤੇ ਵੋਟ ਕੇਂਦਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਅਤੇ ਚੋਣ ਕਮਿਸ਼ਨਰ ਦਾ ਸੰਦੇਸ਼ ਸ਼ਾਮਲ ਹੈ।

ਅਧਿਕਾਰਤ ਗਾਈਡ ਆਸਟ੍ਰੇਲੀਆ ਦੇ ਚੋਣ ਕਮਿਸ਼ਨ (AEC) ਦੁਆਰਾ ਤਿਆਰ ਕੀਤੀ ਗਈ ਹੈ।



# ਅਨੁਵਾਦਿਤ ਸੰਸਕਰਣ ਅਤੇ ਪਹੁੰਚਯੋਗ ਸਰੂਪ

**ਤੁਹਾਡਾ ਅਧਿਕਾਰਤ ਰੈਫਰੈਂਡਮ (ਜਨਮਤ ਸੰਗ੍ਰਹਿ) ਕਿਤਾਬਚਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ, ਮੂਲ ਨਿਵਾਸੀਆਂ ਦੀਆਂ ਭਾਸ਼ਾਵਾਂ (ਸਿਰਫ਼ ਆਡੀਓ) ਵਿੱਚ ਉਪਲਬਧ ਹੈ, ਅਤੇ ਨੇਤਰਹੀਣ ਜਾਂ ਘੱਟ ਨਜ਼ਰ ਵਾਲੇ ਵੋਟਰਾਂ ਲਈ ਅੰਗਰੇਜ਼ੀ ਭਾਸ਼ਾ ਦੇ ਸਰੂਪ ਹਨ, ਅਤੇ (ਇਜ਼ੀ ਰੀਡ) ਆਸਾਨੀ ਨਾਲ ਪੜ੍ਹੇ ਜਾਣ ਵਾਲੇ ਸਰੂਪ (ਸਿਰਫ਼ ਅਧਿਕਾਰਤ ਗਾਈਡ ਵਿੱਚ) ਵੀ ਹਨ।**

**ਵੋਟ ਪਾਉਣ ਅਤੇ ਰੈਫਰੈਂਡਮ (ਜਨਮਤ ਸੰਗ੍ਰਹਿ) ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਭਾਸ਼ਾ ਵਿੱਚ ਸਹਾਇਤਾ ਲਈ 1300 720 153 'ਤੇ ਫ਼ੋਨ ਕਰੋ।**

ਇਹ ਪੰਨਾ ਜਾਣਬੁੱਝ ਕੇ ਖਾਲੀ ਛੱਡਿਆ ਗਿਆ ਹੈ



Australian Government

ਵੋਟ ਪਾਉਣਾ ਲਾਜ਼ਮੀ ਹੈ

ਤੁਹਾਡਾ ਅਧਿਕਾਰਤ

# YES | NO

## ਰੈਫਰੈਂਡਮ (ਜਨਮਤ ਸੰਗ੍ਰਹਿ) ਪਰਚਾ

# ਸੰਵਿਧਾਨ ਵਿੱਚ ਕੀ ਬਦਲਾਅ ਹੋ ਸਕਦਾ ਹੈ

## ਸੰਵਿਧਾਨ ਵਿੱਚ ਕੀਤੇ ਜਾਣ ਵਾਲੇ ਪ੍ਰਸਤਾਵਿਤ ਬਦਲਾਅ ਬਾਰੇ ਬਿਆਨ

ਪ੍ਰਸਤਾਵਿਤ ਕਾਨੂੰਨ, ਸੰਵਿਧਾਨ ਵਿੱਚ ਬਦਲਾਅ (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵੌਇਸ)) 2023 (Constitution Alteration (Aboriginal and Torres Strait Islander Voice) 2023) ਦੇ ਤੌਰ ਤੇ, ਅਧਿਆਇ ਅੱਠ ਤੋਂ ਬਾਅਦ ਹੇਠ ਲਿਖੇ ਸ਼ਬਦਾਂ ਨੂੰ ਸ਼ਾਮਲ ਕਰਕੇ ਸੰਵਿਧਾਨ ਨੂੰ ਬਦਲ ਦੇਵੇਗਾ:

**ਅਧਿਆਇ ਨੌਂ—ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਮਾਨਤਾ**
**(Chapter IX—Recognition of Aboriginal and Torres Strait Islander Peoples)**

**129 ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵੌਇਸ)**
**(Aboriginal and Torres Strait Islander Voice)**

ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਵਜੋਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਮਾਨਤਾ ਵਾਸਤੇ:

(i) ਇੱਕ ਸੰਗਠਨ ਹੋਵੇ, ਜਿਸਨੂੰ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵੌਇਸ) ਕਿਹਾ ਜਾਵੇਗਾ;

(ii) ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼(ਵੌਇਸ), ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨਾਲ ਸਬੰਧਤ ਮਾਮਲਿਆਂ ਬਾਰੇ ਸੰਸਦ ਅਤੇ ਰਾਸ਼ਟਰਮੰਡਲ ਦੀ ਕਾਰਜਕਾਰੀ ਸਰਕਾਰ ਨੂੰ ਪ੍ਰਤੀਨਿਧਤਾ ਪ੍ਰਦਾਨ ਕਰ ਸਕਦੀ ਹੈ;

(iii) ਸੰਸਦ ਦੇ ਕੋਲ, ਇਸ ਸੰਵਿਧਾਨ ਦੇ ਅਧੀਨ, ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵੌਇਸ) ਨਾਲ ਸਬੰਧਤ ਮਾਮਲਿਆਂ ਦੇ ਸਬੰਧ ਵਿੱਚ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ, ਜਿਸ ਵਿੱਚ ਇਸਦੀ ਰਚਨਾ, ਕਾਰਜਾਂ, ਸ਼ਕਤੀਆਂ ਅਤੇ ਕੰਮ ਕਰਨ ਵਾਲੀਆਂ ਪ੍ਰਕਿਰਿਆਵਾਂ ਸ਼ਾਮਲ ਹੋਣਗੀਆਂ।

ਪ੍ਰਸਤਾਵਿਤ ਕਾਨੂੰਨ 'ਸੰਵਿਧਾਨ ਦੇ ਅਧਿਆਏ ਅੱਠ ਵਿੱਚ ਪਰਿਵਰਤਨ' ('Chapter VIII Alteration of the Constitution') ਦੇ ਸੰਦਰਭ ਤੋਂ ਬਾਅਦ, ਸੰਵਿਧਾਨ ਦੀ ਵਿਸ਼ਾ-ਸੂਚੀ ਸਾਰਣੀ ਵਿੱਚ ਹੇਠ ਲਿਖੇ ਸ਼ਬਦਾਂ ਨੂੰ ਸ਼ਾਮਲ ਕਰਕੇ ਸੰਵਿਧਾਨ ਨੂੰ ਵੀ ਬਦਲ ਦੇਵੇਗਾ:

| | |
|---|---|
| ਅਧਿਆਇ ਨੌਂ | ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਮਾਨਤਾ |
| (Chapter IX | Recognition of Aboriginal and Torres Strait Islander Peoples) |



# ਅਗਲੇ ਪੰਨਿਆਂ 'ਤੇ ਤੁਹਾਨੂੰ **Yes** ਅਤੇ **No** ਦੇ ਕੇਸ ਮਿਲਣਗੇ

ਹਰੇਕ ਕੇਸ ਲਈ ਦਲੀਲਾਂ ਸੰਸਦ ਦੇ ਬਹੁਗਿਣਤੀ ਸੰਘੀ ਮੈਂਬਰਾਂ ਅਤੇ ਵਿਧਾਇਕਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਹਨ ਜਿਨ੍ਹਾਂ ਨੇ ਸੰਵਿਧਾਨ ਨੂੰ ਬਦਲਣ ਲਈ ਪ੍ਰਸਤਾਵਿਤ ਕਾਨੂੰਨ ਦੇ ਪੱਖ ਵਿੱਚ ਜਾਂ ਇਸਦੇ ਵਿਰੁੱਧ ਵੋਟ ਪਾਈ ਹੈ, ਅਤੇ ਜੋ ਅਜਿਹੀ ਦਲੀਲ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ।

ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ, ਅਤੇ ਜੋ ਅਜਿਹੀ ਦਲੀਲ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ, ਉਹਨਾਂ ਨੇ Yes ਦਾ ਕੇਸ ਬਣਾਇਆ ਹੈ, ਜਦੋਂ ਕਿ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੁੱਧ ਵੋਟ ਪਾਈ ਹੈ, ਅਤੇ ਜੋ ਅਜਿਹੀ ਦਲੀਲ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ, ਉਹਨਾਂ ਨੇ No ਦਾ ਕੇਸ ਬਣਾਇਆ ਹੈ।

*ਰੈਫਰੈਂਡਮ (ਮਸ਼ੀਨਰੀ-ਪ੍ਰੋਵਿਜ਼ਨਜ਼) ਐਕਟ 1984* (Cth) ਦੀ ਧਾਰਾ 11(1) ਦੇ ਅਧੀਨ ਹਰੇਕ ਕੇਸ ਲਈ ਅੰਗ੍ਰੇਜ਼ੀ ਵਿੱਚ ਸ਼ਬਦਾਂ ਦੀ ਗਿਣਤੀ 2,000 ਸ਼ਬਦਾਂ ਤੱਕ ਸੀਮਤ ਹੈ।

# Yes

# ਵੋਟ ਪਾਉਣ ਲਈ ਕੇਸ

**Yes** ਵਿੱਚ ਵੋਟ ਪਾਉਣ ਲਈ ਕੇਸ **ਪੰਨਾ 10** ਤੋਂ ਸ਼ੁਰੂ ਹੁੰਦਾ ਹੈ ਅਤੇ ਫਿਰ ਹਰ ਦੂਸਰੇ ਪੰਨੇ 'ਤੇ ਦਰਸਾਇਆ ਗਿਆ ਹੈ।

**ਇੱਕ ਪ੍ਰਸਤਾਵਿਤ ਕਾਨੂੰਨ:**

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵਾਇਸ) ਨੂੰ ਸਥਾਪਤ ਕਰਕੇ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਨੂੰ ਮਾਨਤਾ ਦੇਣ ਲਈ ਸੰਵਿਧਾਨ ਵਿੱਚ ਬਦਲਾਅ ਲਿਆਉਣਾ।

**A proposed law:**

To alter the Constitution to recognise the First Peoples of Australia by establishing an Aboriginal and Torres Strait Islander Voice.

**ਇਹ ਕਿਸਨੇ ਲਿਖਿਆ ਹੈ?** ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।



# No

# ਵੋਟ ਪਾਉਣ ਲਈ ਕੇਸ

**No** ਵਿੱਚ ਵੋਟ ਪਾਉਣ ਲਈ ਕੇਸ **ਪੰਨਾ 11** ਤੋਂ ਸ਼ੁਰੂ ਹੁੰਦਾ ਹੈ ਅਤੇ ਫਿਰ ਹਰ ਦੂਸਰੇ ਪੰਨੇ 'ਤੇ ਦਰਸਾਇਆ ਗਿਆ ਹੈ।

**ਇੱਕ ਪ੍ਰਸਤਾਵਿਤ ਕਾਨੂੰਨ:**

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵਾਇਸ) ਨੂੰ ਸਥਾਪਤ ਕਰਕੇ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਨੂੰ ਮਾਨਤਾ ਦੇਣ ਲਈ ਸੰਵਿਧਾਨ ਵਿੱਚ ਬਦਲਾਅ ਲਿਆਉਣਾ।

**A proposed law:**

To alter the Constitution to recognise the First Peoples of Australia by establishing an Aboriginal and Torres Strait Islander Voice.

**ਇਹ ਕਿਸਨੇ ਲਿਖਿਆ ਹੈ?** ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।

## ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਅਤੇ ਆਸਟ੍ਰੇਲੀਆ ਦੇ ਸਾਰੇ ਲੋਕਾਂ ਦੇ ਬਿਹਤਰ ਭਵਿੱਖ ਲਈ Yes ਵੋਟ ਪਾਓ।

## ਏਕਤਾ, ਉਮੀਦ ਅਤੇ ਸਕਾਰਾਤਮਕ ਫਰਕ ਲਿਆਉਣ ਲਈ Yes ਵੋਟ ਪਾਓ।

## YES ਵੋਟ ਹੇਠ ਦੱਸੇ ਬਾਰੇ ਹੈ:

**ਮਾਨਤਾ**

- ਸਾਡੇ ਸੰਵਿਧਾਨ ਵਿੱਚ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ **ਮਾਨਤਾ** ਦੇਣਾ ਅਤੇ 65,000 ਸਾਲਾਂ ਪੁਰਾਣੇ ਸੱਭਿਆਚਾਰ ਅਤੇ ਪਰੰਪਰਾ ਨੂੰ ਸਤਿਕਾਰ ਦੇਣਾ।

**ਸੁਣਨਾ**

- ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਕੋਲੋਂ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਬਾਰੇ ਉਹਨਾਂ ਦੀਆਂ ਸਲਾਹਾਂ ਨੂੰ **ਸੁਣਨਾ**, ਤਾਂ ਜੋ ਸਰਕਾਰਾਂ ਬਿਹਤਰ ਫੈਸਲੇ ਲੈ ਸਕਣ।

**ਬਿਹਤਰ ਨਤੀਜੇ**

- ਮੂਲ ਨਿਵਾਸੀ ਲੋਕਾਂ ਦੀ ਸਿਹਤ, ਸਿੱਖਿਆ, ਰੁਜ਼ਗਾਰ ਅਤੇ ਰਿਹਾਇਸ਼ ਨੂੰ **ਅਸਲ ਵਿੱਚ ਵਧੀਆ ਬਨਾਉਣਾ**, ਤਾਂ ਜੋ ਲੋਕਾਂ ਦਾ ਜੀਵਨ ਬਿਹਤਰ ਹੋ ਸਕੇ।

## ਇਹ ਇੱਕ ਤਬਦੀਲੀ ਹੈ ਜੋ ਸਿਰਫ ਤੁਸੀਂ ਹੀ ਲਿਆ ਸਕਦੇ ਹੋ।

ਉਸ ਇੱਕ ਵਿਚਾਰ ਲਈ Yes ਵੋਟ ਪਾਓ ਜੋ ਸਿੱਧੇ ਤੌਰ 'ਤੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਤੋਂ ਆਉਂਦਾ ਹੈ: **ਇੱਕ ਆਵਾਜ਼ (ਵੌਇਸ) ਦੁਆਰਾ ਸੰਵਿਧਾਨਕ ਮਾਨਤਾ (Constitutional Recognition through a Voice)।**

### ਆਵਾਜ਼ (ਵੌਇਸ) ਕੀ ਹੈ:

ਆਵਾਜ਼ (Voice) ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਇੱਕ ਕਮੇਟੀ ਹੋਵੇਗੀ ਜੋ ਉਨ੍ਹਾਂ ਦੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਸੰਸਦ ਅਤੇ ਸਰਕਾਰ ਨੂੰ ਸਲਾਹ ਦੇਵੇਗੀ।

ਇਸ ਵਿੱਚ ਹਰ ਰਾਜ ਅਤੇ ਕੇਂਦਰੀ ਪ੍ਰਦੇਸ਼, ਟੋਰੇਸ ਸਟ੍ਰੇਟ ਟਾਪੂ ਤੋਂ ਆਸਟ੍ਰੇਲੀਆ ਦੇ ਆਦਿਵਾਸੀ ਲੋਕ ਅਤੇ ਖੇਤਰਾਂ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ।

ਆਵਾਜ਼ (ਵੌਇਸ) ਦੇ ਸਦੱਸਿਆਂ ਨੂੰ ਉਹਨਾਂ ਦੇ ਸਥਾਨਕ ਖੇਤਰ ਵਿੱਚ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੁਆਰਾ ਚੁਣਿਆ ਜਾਵੇਗਾ ਅਤੇ ਉਹ ਇੱਕ ਨਿਸ਼ਚਿਤ ਸਮੇਂ ਲਈ ਸੇਵਾ ਕਰਨਗੇ।

## ਸਾਨੂੰ ਇਸਦੀ ਲੋੜ ਕਿਉਂ ਹੈ:

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਹਨ:

- ਗੈਰ-ਆਦਿਵਾਸੀਆਂ ਨਾਲੋਂ 8 ਸਾਲ ਘੱਟ ਜ਼ਿੰਦਗੀ ਜਿਊਣ ਦੀ ਸੰਭਾਵਨਾ।
- ਬੀਮਾਰੀਆਂ ਅਤੇ ਬਾਲ ਮੌਤਾਂ ਦੀਆਂ ਬਹੁਤ ਮਾੜੀਆਂ ਦਰਾਂ।
- ਖੁਦਕੁਸ਼ੀ ਦੀ ਦਰ ਦੁੱਗਣੀ ਜਿੰਨ੍ਹੀ ਵੱਧ ਹੈ।
- ਸਿੱਖਿਆ ਅਤੇ ਸਿਖਲਾਈ ਦੇ ਘੱਟ ਮੌਕੇ।

ਸਪੱਸ਼ਟ ਤੌਰ 'ਤੇ, ਮੌਜੂਦਾ ਤਰੀਕਾ ਕੰਮ ਨਹੀਂ ਕਰ ਰਿਹਾ ਹੈ।

ਇਸ ਪਾੜੇ ਨੂੰ ਘੱਟ ਕਰਨ ਲਈ, ਹੱਲ ਲੱਭਣ ਅਤੇ ਭਵਿੱਖ ਲਈ ਯੋਜਨਾ ਬਣਾਉਣ ਲਈ ਸਾਨੂੰ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਤੋਂ ਉਹਨਾਂ ਦੇ ਜੀਵਨ ਅਤੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਬਾਰੇ ਉਹਨਾਂ ਦੀ ਸਲਾਹ ਸੁਣਨ ਦੀ ਲੋੜ ਹੈ।

## ਆਵਾਜ਼ (ਵੌਇਸ) ਕਿਵੇਂ ਕੰਮ ਕਰੇਗੀ:

**ਅਵਾਜ਼ (ਵੌਇਸ) ਇਹਨਾਂ ਬਾਰੇ ਸਲਾਹ ਦੇਣ ਵਾਸਤੇ ਹੈ।**

ਜਦੋਂ ਸਰਕਾਰਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਬਾਰੇ ਸੁਣਦੀਆਂ ਹਨ, ਤਾਂ ਉਹ:

- ਬਿਹਤਰ ਫੈਸਲੇ ਲੈਂਦੀਆਂ ਹਨ।
- ਬਿਹਤਰ ਨਤੀਜੇ ਮਿਲਦੇ ਹਨ।
- ਪੈਸੇ ਦਾ ਪੂਰਾ ਮੁੱਲ ਮੋੜਦੇ ਹਨ।

ਆਵਾਜ਼ (ਵੌਇਸ) ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਦਰਪੇਸ਼ ਮੁੱਖ ਮੁੱਦਿਆਂ ਬਾਰੇ ਸਲਾਹ ਦੇਵੇਗੀ, ਜਿਸ ਵਿੱਚ ਬਿਹਤਰ ਬਾਲ ਸਿਹਤ ਤੋਂ ਲੈ ਕੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਸੇਵਾਵਾਂ ਨੂੰ ਬਿਹਤਰ ਬਣਾਉਣ ਤੱਕ ਸ਼ਾਮਲ ਹੈ।

ਸੰਸਦ ਅਤੇ ਸਰਕਾਰ ਅਜੇ ਵੀ ਸਾਰੇ ਕਾਨੂੰਨਾਂ, ਪ੍ਰੋਗਰਾਮਾਂ ਅਤੇ ਫੰਡਿੰਗ ਲਈ ਜ਼ਿੰਮੇਵਾਰ ਹੋਵੇਗੀ।

Yes ਕੇਸ ਜਾਰੀ ਹੈ p.12

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**





## NO ਵੋਟ ਪਾਉਣ ਦੇ ਕਾਰਨ - ਇੱਕ ਸੰਖੇਪ

ਇਹ ਰੈਫਰੈਂਡਮ (ਜਨਮਤ ਸੰਗ੍ਰਹਿ) ਸਿਰਫ਼ "ਮਾਨਤਾ" ਬਾਰੇ ਨਹੀਂ ਹੈ। ਇਹ ਆਵਾਜ਼ (Voice) ਪ੍ਰਸਤਾਵ ਬਹੁਤ ਅੱਗੇ ਤੱਕ ਜਾਂਦਾ ਹੈ।

ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਇਹ ਸਾਡੇ ਇਤਿਹਾਸ ਵਿੱਚ ਸਾਡੇ ਸੰਵਿਧਾਨ ਵਿੱਚ ਸਭ ਤੋਂ ਵੱਡੀ ਤਬਦੀਲੀ ਨੂੰ ਦਰਸਾਵੇਗਾ।

ਅਣਜਾਣ ਨਤੀਜਿਆਂ ਦੇ ਨਾਲ, ਇਹ ਕਾਨੂੰਨੀ ਤੌਰ 'ਤੇ ਖਤਰਨਾਕ ਹੈ। ਇਹ ਵੰਡ ਪਾਉਣ ਵਾਲਾ ਅਤੇ ਸਥਾਈ ਹੋਵੇਗਾ।

**ਜੇ ਤੁਸੀਂ ਨਹੀਂ ਜਾਣਦੇ ਹੋ, ਤਾਂ no ਵੋਟ ਪਾਓ।**

### ਜੋਖਮ ਭਰਿਆ

ਅਸੀਂ ਸਾਰੇ ਪਛੜੇ ਭਾਈਚਾਰਿਆਂ ਵਿੱਚ ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹਾਂ। ਹਾਲਾਂਕਿ, ਇਹ ਆਵਾਜ਼ (ਵੌਇਸ) ਇਸਦਾ ਜਵਾਬ ਨਹੀਂ ਹੈ ਅਤੇ ਸਾਡੀ ਸਰਕਾਰ ਦੀ ਪ੍ਰਣਾਲੀ ਲਈ ਇਹ ਅਸਲ ਖ਼ਤਰਾ ਪੇਸ਼ ਕਰਦੀ ਹੈ।

ਇਹ ਆਵਾਜ਼ (ਵੌਇਸ) ਵਿਸ਼ੇਸ਼ ਤੌਰ 'ਤੇ "ਕਾਰਜਕਾਰੀ ਸਰਕਾਰ" ਦੇ ਸਾਰੇ ਖੇਤਰਾਂ ਤੱਕ ਪਹੁੰਚ ਰੱਖਦੀ ਹੈ। ਇਸ ਦਾ ਮਤਲਬ ਹੈ ਕਿ ਕੋਈ ਵੀ ਮੁੱਦਾ ਇਸ ਦੀ ਪਹੁੰਚ ਤੋਂ ਬਾਹਰ ਨਹੀਂ ਹੈ।

ਹਾਈ ਕੋਰਟ (ਉੱਚ ਅਦਾਲਤ) ਆਖਰਕਾਰ ਇਸ ਦੀਆਂ ਸ਼ਕਤੀਆਂ ਨਿਰਧਾਰਤ ਕਰੇਗੀ, ਨਾ ਕਿ ਸੰਸਦ।

ਇਸ ਨਾਲ ਕਾਨੂੰਨੀ ਚੁਣੌਤੀਆਂ, ਦੇਰੀ ਅਤੇ  ਸਰਕਾਰ ਨੂੰ ਖਤਰਾ ਹੈ।

### ਅਣਜਾਣ

ਆਵਾਜ਼ (ਵੌਇਸ) ਦੇ ਸਦੱਸਿਆਂ ਦੀ ਚੋਣ ਕਿਵੇਂ ਕੀਤੀ ਜਾਵੇਗੀ ਜਾਂ ਇਹ ਕਿਵੇਂ ਕੰਮ ਕਰੇਗੀ ਇਸ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਇਨ੍ਹਾਂ ਵੇਰਵਿਆਂ 'ਤੇ ਕੰਮ ਕਰਨ ਤੋਂ ਪਹਿਲਾਂ ਹੀ ਆਸਟ੍ਰੇਲੀਆ ਦੇ ਲੋਕਾਂ ਨੂੰ ਵੋਟ ਪਾਉਣ ਲਈ ਕਿਹਾ ਜਾ ਰਿਹਾ ਹੈ।

**ਆਸਟ੍ਰੇਲੀਆ ਦੇ ਲੋਕਾਂ ਕੋਲ ਵੋਟ ਪਾਉਣ ਤੋਂ ਪਹਿਲਾਂ ਇਹ ਵੇਰਵੇ ਹੋਣੇ ਚਾਹੀਦੇ ਹਨ, ਨਾ ਕਿ ਬਾਅਦ ਵਿੱਚ।**

ਅਸੀਂ ਨਹੀਂ ਜਾਣਦੇ ਕਿ ਇਹ ਕਿਵੇਂ ਕੰਮ ਕਰੇਗੀ, ਅਸੀਂ ਨਹੀਂ ਜਾਣਦੇ ਕਿ ਇਸ ਵਿੱਚ ਕੌਣ ਸ਼ਾਮਲ ਹੋਵੇਗਾ, ਪਰ ਅਸੀਂ ਜਾਣਦੇ ਹਾਂ ਕਿ ਇਹ ਸਾਨੂੰ ਆਸਟ੍ਰੇਲੀਆ ਦੇ ਲੋਕਾਂ ਵਜੋਂ ਸਥਾਈ ਤੌਰ 'ਤੇ ਵੰਡ ਦੇਵੇਗੀ।

ਆਵਾਜ਼ (ਵੌਇਸ) ਦੇ ਕੁਝ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਮੁਆਵਜ਼ੇ ਅਤੇ ਹਰਜਾਨੇ ਅਤੇ ਹੋਰ ਬੁਨਿਆਦੀ ਤਬਦੀਲੀਆਂ ਲਈ ਸਿਰਫ਼ ਇੱਕ ਪਹਿਲਾ ਕਦਮ ਹੋਵੇਗਾ। ਤਾਂ, ਅੱਗੇ ਕੀ ਆਵੇਗਾ?

### ਵੰਡਣ ਵਾਲੀ

ਆਸਟ੍ਰੇਲੀਆ ਦੇ ਸਿਰਫ਼ ਇੱਕ ਸਮੂਹ ਲਈ ਸੰਵਿਧਾਨ ਵਿੱਚ ਇੱਕ ਆਵਾਜ਼(ਵੌਇਸ)ਦਰਜ ਕਰਨ ਦਾ ਮਤਲਬ ਹੈ ਸਾਡੇ ਦੇਸ਼ ਨੂੰ ਪੱਕੇ ਤੌਰ 'ਤੇ ਵੰਡਣਾ।

ਇਹ ਕਿਸੇ ਅਣਜਾਣ ਸੰਸਥਾ ਰਾਹੀਂ ਵੱਖ-ਵੱਖ ਵਰਗਾਂ ਵਾਲੀ ਨਾਗਰਿਕਤਾ ਬਣਾਉਂਦੀ ਹੈ ਜਿਸ ਦੇ ਪਿੱਛੇ ਸੰਵਿਧਾਨ ਦੀ ਪੂਰੀ ਤਾਕਤ ਹੁੰਦੀ ਹੈ। ਬਹੁਤ ਸਾਰੇ ਆਸਟ੍ਰੇਲੀਆ ਦੇ ਆਦਿਵਾਸੀ ਲੋਕ ਇਸ ਦਾ ਸਮਰਥਨ ਨਹੀਂ ਕਰਦੇ ਹਨ।

### ਸਥਾਈ

ਸੰਵਿਧਾਨ ਵਿੱਚ ਆਵਾਜ਼ (ਵੌਇਸ) ਨੂੰ ਸ਼ਾਮਲ ਕਰਨ ਦਾ ਮਤਲਬ ਹੈ ਕਿ ਇਹ ਸਥਾਈ ਹੈ। ਅਸੀਂ ਨਕਾਰਾਤਮਕ ਨਤੀਜਿਆਂ ਦੇ ਨਾਲ ਇਸ ਵਿੱਚ ਫਸ ਜਾਵਾਂਗੇ।

## NO ਵੋਟ ਪਾਉਣ ਦੇ ਦਸ ਕਾਰਨ

### 1. ਇਹ ਆਵਾਜ਼ (ਵੌਇਸ) ਕਾਨੂੰਨੀ ਤੌਰ 'ਤੇ ਜੋਖਮ ਭਰੀ ਹੈ

ਆਸਟ੍ਰੇਲੀਆ ਦਾ ਸੰਵਿਧਾਨ ਸਾਡਾ ਸਭ ਤੋਂ ਮਹੱਤਵਪੂਰਨ ਕਾਨੂੰਨੀ ਦਸਤਾਵੇਜ਼ ਹੈ। ਹਰ ਸ਼ਬਦ ਵਿਆਖਿਆ ਲਈ ਖੁੱਲ੍ਹਾ ਹੋ ਸਕਦਾ ਹੈ।

ਆਸਟ੍ਰੇਲੀਆ ਨੇ 1977 ਤੋਂ ਬਾਅਦ ਆਪਣਾ ਸੰਵਿਧਾਨ ਨਹੀਂ ਬਦਲਿਆ ਹੈ। **ਇਹ ਆਸਟ੍ਰੇਲੀਆ ਦੇ ਇਤਿਹਾਸ ਵਿੱਚ ਸਾਡੇ ਲੋਕਤੰਤਰ ਵਿੱਚ ਸਭ ਤੋਂ ਵੱਡੀ ਤਬਦੀਲੀ ਹੋਵੇਗੀ।**

ਇਹ ਹਨੇਰੇ ਵਿੱਚ ਛਾਲ ਮਾਰਨ ਵਾਂਗ ਹੈ। ਇਸ ਆਵਾਜ਼ ਨੂੰ ਅਸਲ ਜ਼ਿੰਦਗੀ ਵਿਚ ਪਰਖਿਆ ਨਹੀਂ ਗਿਆ। ਦੁਨੀਆਂ ਵਿੱਚ ਕਿਤੇ ਵੀ ਇਸ ਤਰ੍ਹਾਂ ਦੀ ਤੁਲਨਾਤਮਕ ਸੰਵਿਧਾਨਕ ਸੰਸਥਾ ਨਹੀਂ ਹੈ।

ਸੰਵਿਧਾਨ ਵਿੱਚ ਆਵਾਜ਼ ਨੂੰ ਲਾਗੂ ਕਰਨ ਦਾ ਮਤਲਬ ਹੈ ਕਿ ਇਹ ਹਾਈ ਕੋਰਟ ਦੁਆਰਾ ਕਾਨੂੰਨੀ ਚੁਣੌਤੀ ਅਤੇ ਵਿਆਖਿਆ ਲਈ ਖੁੱਲ੍ਹੀ ਹੈ।

ਕਾਨੂੰਨੀ ਮਾਹਰ ਇਸ ਗੱਲ ਨਾਲ ਸਹਿਮਤ ਨਹੀਂ ਹਨ, ਅਤੇ ਯਕੀਨੀ ਤੌਰ 'ਤੇ ਨਹੀਂ ਜਾਣ ਸਕਦੇ ਕਿ ਹਾਈ ਕੋਰਟ ਅਜਿਹੀ ਸੰਵਿਧਾਨਕ ਤਬਦੀਲੀ ਦੀ ਵਿਆਖਿਆ ਕਿਵੇਂ ਕਰੇਗੀ।

> **"ਮੈਂ ਇਸ ਅਵਾਜ਼ ਤੋਂ ਪੈਦਾ ਹੋਣ ਵਾਲੇ ਸੰਵਿਧਾਨਕ ਅਤੇ ਪ੍ਰਬੰਧਕੀ ਕਾਨੂੰਨ ਮੁਕੱਦਮੇ ਜੋ ਇੱਕ ਦਹਾਕੇ ਜਾਂ ਇਸ ਤੋਂ ਵੱਧ ਚੱਲਣਗੇ ਦੀ ਭਵਿੱਖਬਾਣੀ ਕਰ ਸਕਦਾ ਹਾਂ..."**
> *(Ian Callinan AC KC, ਸਾਬਕਾ ਹਾਈ ਕੋਰਟ ਜੱਜ)* [1]

1 ਦਾ ਆਸਟ੍ਰੇਲੀਅਨ, 17/12/2022

No ਕੇਸ ਜਾਰੀ ਹੈ p.13

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**

# Yes ਵੋਟ ਪਾਉਣ ਲਈ ਕੇਸ

**Patrick Dodson, ਵੈਸਟਰਨ ਆਸਟ੍ਰੇਲੀਆ ਦੇ ਸੈਨੇਟਰ: Yawuru ਦੇ ਬਜ਼ੁਰਗ**
*"ਜਦੋਂ ਜ਼ਮੀਨੀ ਪੱਧਰ ਤੇ ਲੋਕਾਂ ਦੀ ਗੱਲ ਸੁਣੀ ਜਾਂਦੀ ਹੈ ਅਤੇ ਉਹਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਤਾਂ ਬਿਹਤਰ ਕਾਨੂੰਨ ਅਤੇ ਨੀਤੀਆਂ ਬਣਦੀਆਂ ਹਨ। ਆਵਾਜ਼ (ਵੌਇਸ) ਦੀ ਸਲਾਹ ਸਾਡੇ ਫੈਸਲਿਆਂ ਅਤੇ ਦਿਸ਼ਾਵਾਂ ਨੂੰ ਵਧੇਰੇ ਸੂਚਿਤ ਅਤੇ ਵਧੇਰੇ ਸਫਲ ਬਣਾਵੇਗੀ। ਸੰਵਿਧਾਨ ਵਿੱਚ ਮਾਨਤਾ ਸਾਡੇ ਦੇਸ਼ ਦੇ ਜ਼ਖਮਾਂ ਨੂੰ ਭਰਨ ਵਿੱਚ ਮਦਦ ਕਰੇਗੀ।"*

## ਆਵਾਜ਼ (ਵੌਇਸ): ਮੁੱਖ ਤੱਥ

- ਵਿਚਾਰ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਤੋਂ ਆਉਂਦੇ ਹਨ।
- ਮੂਲ ਨਿਵਾਸੀਆਂ (First Peoples) ਨੂੰ ਸਾਡੇ ਸੰਵਿਧਾਨ ਵਿੱਚ ਮਾਨਤਾ ਦਿੰਦੀ ਹੈ।
- ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਇੱਕ ਕਮੇਟੀ।
- ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਆਵਾਜ਼ ਉਠਾਉਂਦੀ ਹੈ।
- ਸੁਣਨ ਦਾ ਮਤਲਬ ਹੋਵੇਗਾ ਬਿਹਤਰ ਨਤੀਜੇ - ਅਤੇ ਪੈਸੇ ਦਾ ਪੂਰਾ ਮੁੱਲ।
- ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ, ਟੋਰੇਸ ਸਟ੍ਰੇਟ ਟਾਪੂ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਨੁਮਾਇੰਦੇ।
- ਨੌਜਵਾਨ ਅਤੇ ਮਰਦ - ਔਰਤਾਂ ਬਰਾਬਰ ਦੇ ਸੰਤੁਲਨ ਵਿੱਚ ਸ਼ਾਮਲ ਹੋਣਗੇ।
- ਸੰਸਦ ਅਤੇ ਸਰਕਾਰ ਅਜੇ ਵੀ ਕਾਨੂੰਨਾਂ, ਪ੍ਰੋਗਰਾਮਾਂ ਅਤੇ ਫੰਡਿੰਗ ਲਈ ਜ਼ਿੰਮੇਵਾਰ ਹਨ।

## YES ਵੋਟ ਪਾਉਣ ਦੇ 8 ਹੋਰ ਕਾਰਨਾਂ ਲਈ ਪੜ੍ਹਦੇ ਰਹੋ।

## 1. ਇਹ ਵਿਚਾਰ ਸਿੱਧੇ ਤੌਰ 'ਤੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਤੋਂ ਆਇਆ ਸੀ।

Yes ਵੋਟ ਪਾਉਣ ਦਾ ਮਤਲਬ ਹੈ:

- ਦਹਾਕਿਆਂ ਤੋਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੁਆਰਾ ਅੱਗੇ ਰੱਖੀ ਗਈ ਇੱਛਾ ਦਾ ਸਮਰਥਨ ਕਰਨਾ।
- 80% ਤੋਂ ਵੱਧ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੁਆਰਾ ਸਮਰਥਨ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਕਰਨਾ।

**ਆਵਾਜ਼ (ਵੌਇਸ) ਦੇ ਲਈ ਸੱਦਾ ਸਿਆਸਤਦਾਨਾਂ ਵੱਲੋਂ ਨਹੀਂ ਦਿੱਤਾ ਗਿਆ।**

2017 ਵਿੱਚ, ਕਈ ਸਾਲਾਂ ਦੇ ਕੰਮ ਅਤੇ ਦੇਸ਼ ਦੇ ਹਰ ਹਿੱਸੇ ਵਿੱਚ ਅਣਗਿਣਤ ਵਾਰ ਗੱਲਬਾਤ ਤੋਂ ਬਾਅਦ, ਲਗਭਗ 250 ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਨੇਤਾਵਾਂ ਅਤੇ ਬਜ਼ੁਰਗਾਂ ਨੇ *ਦਿਲ ਤੋਂ ਉਲੁਰੂ ਬਿਆਨ (Uluru Statement from the Heart)* ਦਾ ਸਮਰਥਨ ਕੀਤਾ।

ਆਵਾਜ਼ (ਵੌਇਸ) ਰਾਹੀਂ ਸੰਵਿਧਾਨ ਵਿੱਚ ਮਾਨਤਾ ਦੀ ਮੰਗ ਕੀਤੀ।

ਸਾਨੂੰ ਉਹਨਾਂ ਦੇ ਜੀਵਨ ਵਿੱਚ ਵਿਹਾਰਕ ਤਬਦੀਲੀ ਕਰਨ ਅਤੇ ਉਹਨਾਂ ਦੇ ਬੱਚਿਆਂ ਲਈ ਬਿਹਤਰ ਮੌਕੇ ਪੈਦਾ ਕਰਨ ਵਿੱਚ ਮਦਦ ਕਰਨ ਲਈ ਕਿਹਾ ਗਿਆ।

> ਜੀਵਨ ਦੇ ਸਾਰੇ ਖੇਤਰਾਂ, ਸਾਰੇ ਵਿਸ਼ਵਾਸਾਂ ਅਤੇ ਸਭਿਆਚਾਰਾਂ ਅਤੇ ਰਾਜਨੀਤੀ ਦੇ ਸਾਰੇ ਪਾਸਿਆਂ ਦੇ ਆਸਟ੍ਰੇਲੀਆ ਦੇ ਲੋਕਾਂ ਨੇ ਇਸ ਪ੍ਰਸਤਾਵ ਨੂੰ ਆਪਣਾ ਸਮਰਥਨ ਦਿੱਤਾ ਹੈ।

ਹੁਣ ਅਸੀਂ ਇਸਨੂੰ ਅਸਲੀਅਤ ਬਣਾ ਸਕਦੇ ਹਾਂ।

Yes ਵਿੱਚ ਵੋਟ ਪਾਉਣਾ ਏਕਤਾ ਦਾ ਕੰਮ ਹੈ ਜੋ ਆਸਟ੍ਰੇਲੀਆ ਵਾਸੀਆਂ ਨੂੰ ਇਕੱਠੇ ਕਰੇਗਾ।

## 2. ਠੋਸ ਨਤੀਜਿਆਂ ਲਈ ਸੰਵਿਧਾਨਕ ਮਾਨਤਾ।

ਸੰਵਿਧਾਨਕ ਮਾਨਤਾ ਇੱਕ ਸ਼ਕਤੀਸ਼ਾਲੀ ਬਿਆਨ ਹੈ ਜੋ ਵਿਹਾਰਕ ਤਬਦੀਲੀ ਲਿਆਵੇਗੀ।

**Yes ਵੋਟ ਪਾਉਣ ਦਾ ਮਤਲਬ ਹੈ:**

- ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਵਜੋਂ ਮਾਨਤਾ ਦੇਣਾ।
- 65,000 ਸਾਲਾਂ ਦੇ ਇਤਿਹਾਸ ਦਾ ਜਸ਼ਨ ਮਨਾਉਣਾ ਅਤੇ ਸਾਂਝਾ ਕਰਨਾ।
- ਆਸਟ੍ਰੇਲੀਆ ਦੀ ਏਕਤਾ ਬਾਰੇ ਦੁਨੀਆਂ ਨੂੰ ਇੱਕ ਸ਼ਕਤੀਸ਼ਾਲੀ ਸੰਦੇਸ਼ ਭੇਜਣਾ।
- ਭਵਿੱਖ ਲਈ ਵਿਹਾਰਕ ਫਰਕ ਲਿਆਉਣਾ।

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀਆਂ ਪੀੜ੍ਹੀਆਂ ਨੇ ਸਾਡੇ ਦੇਸ਼ ਨੂੰ ਉਨ੍ਹਾਂ ਦੇ ਸੱਭਿਆਚਾਰ ਅਤੇ ਸਿਰਜਣਾਤਮਕਤਾ, ਜ਼ਮੀਨ ਅਤੇ ਪਾਣੀਆਂ ਬਾਰੇ ਉਨ੍ਹਾਂ ਦੇ ਗਿਆਨ, ਅਤੇ ਆਸਟ੍ਰੇਲੀਆ ਦੇ ਜੀਵਨ ਵਿੱਚ ਉਨ੍ਹਾਂ ਦੇ ਯੋਗਦਾਨ ਨਾਲ ਅਮੀਰ ਬਣਾਇਆ ਹੈ।

ਸਾਡਾ ਪ੍ਰਾਚੀਨ ਮਹਾਂਦੀਪ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਜੀਵਿਤ ਸੰਸਕ੍ਰਿਤੀਆਂ ਦਾ ਘਰ ਹੈ। ਸਾਡੇ ਸੰਵਿਧਾਨ ਵਿੱਚ ਇਸ ਨੂੰ ਮਾਨਤਾ ਦੇਣਾ ਸਾਡੇ ਸਾਂਝੇ ਇਤਿਹਾਸ ਦਾ ਜਸ਼ਨ ਮਨਾਉਣ ਦਾ ਇੱਕ ਪ੍ਰੇਰਨਾਦਾਇਕ ਤਰੀਕਾ ਹੈ।

Yes ਵਿੱਚ ਵੋਟ ਪਾਉਣਾ ਸੁਲ੍ਹਾ-ਸਫਾਈ ਦਾ ਇੱਕ ਕੰਮ ਹੈ ਜੋ ਅਸਲ ਨਤੀਜੇ ਪ੍ਰਦਾਨ ਕਰੇਗਾ।

**Yes ਕੇਸ ਜਾਰੀ ਹੈ** p.14

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**



# No ਵੋਟ ਪਾਉਣ ਲਈ ਕੇਸ

ਇਸ ਨਾਲ ਕਾਨੂੰਨੀ ਸਮੱਸਿਆਵਾਂ ਦਾ ਪਹਾੜ ਲੱਗ ਜਾਵੇਗਾ।

## 2. ਇਸਦੇ ਕੋਈ ਵੇਰਵੇ ਨਹੀਂ ਹਨ

ਇਹ ਇੱਕ ਵੱਡਾ ਫੈਸਲਾ ਹੈ। ਹਾਲਾਂਕਿ, **ਸਰਕਾਰ ਵੋਟ ਤੋਂ ਪਹਿਲਾਂ ਮੁੱਖ ਵੇਰਵਿਆਂ ਦਾ ਖੁਲਾਸਾ ਨਹੀਂ ਕਰੇਗੀ**।

ਅਸੀਂ ਨਹੀਂ ਜਾਣਦੇ ਕਿ ਇਹ ਕਿਵੇਂ ਪਛੜੇ ਭਾਈਚਾਰਿਆਂ ਦੀ ਮਦਦ ਕਰੇਗੀ ਅਤੇ ਪਾੜੇ ਨੂੰ ਕਿਵੇਂ ਬੰਦ ਕਰੇਗੀ।

ਸਾਨੂੰ ਨਹੀਂ ਪਤਾ ਕਿ ਇਸ ਆਵਾਜ਼ (ਵੌਇਸ) ਦੇ ਕਿੰਨੇ ਸਦੱਸ ਹੋਣਗੇ।

ਸਾਨੂੰ ਨਹੀਂ ਪਤਾ ਕਿ ਉਹਨਾਂ ਦੀ ਚੋਣ ਕੀਤੀ ਜਾਵੇਗੀ ਜਾਂ ਚੁਣੇ ਜਾਣਗੇ, ਜਾਂ ਇਹ ਕਿਵੇਂ ਹੋਵੇਗਾ।

ਸਾਨੂੰ ਨਹੀਂ ਪਤਾ ਕਿ ਇਹ ਕਿਵੇਂ ਨੁਮਾਇੰਦਗੀ ਕਰੇਗੀ ਜਾਂ ਜਵਾਬਦੇਹ ਹੋਵੇਗੀ।

> ਇਹਨਾਂ ਵੇਰਵਿਆਂ 'ਤੇ ਸਿਰਫ਼ ਆਸਟ੍ਰੇਲੀਆ ਦੇ ਲੋਕਾਂ ਦੇ ਵੋਟ ਪਾਉਣ ਤੋਂ ਬਾਅਦ ਹੀ ਕੰਮ ਕੀਤਾ ਜਾਵੇਗਾ।

Yes ਮੁਹਿੰਮ ਦੇ ਅਨੁਸਾਰ, ਵੋਟ ਤੋਂ ਪਹਿਲਾਂ ਵੇਰਵਿਆਂ ਦੇ *"ਹੋਣ ਦਾ ਕੋਈ ਮਤਲੱਬ ਨਹੀਂ"* ਹੈ:

"ਜਦੋਂ ਤੱਕ ਸਾਡੇ ਕੋਲ ਸੰਵਿਧਾਨ ਨੂੰ ਬਦਲਣ ਲਈ ਆਸਟ੍ਰੇਲੀਆ ਦੇ ਲੋਕਾਂ ਦਾ ਸਮਰਥਨ ਨਹੀਂ ਹੈ, ਉਦੋਂ ਤੱਕ ਇਹ ਵਿਸਥਾਰ ਵਿੱਚ ਸਲਾਹ-ਮਸ਼ਵਰਾ ਕਰਨ ਦਾ ਕੋਈ ਮਤਲਬ ਨਹੀਂ ਹੈ"
(*Yes23 ਕਿਤਾਬਚਾ*)

ਇਹ ਇਸਨੂੰ ਕਰਨ ਦਾ ਗਲਤ ਤਰੀਕਾ ਹੈ।

ਤੁਸੀਂ ਬਿਨਾਂ ਜਾਂਚ ਕੀਤੇ ਘਰ ਨਹੀਂ ਖਰੀਦੋਗੇ ਜਾਂ ਚਲਾ ਕੇ ਦੇਖੇ ਬਿਨਾਂ ਕਾਰ ਨਹੀਂ ਖਰੀਦੋਗੇ।

ਫਿਰ ਵੀ ਤੁਹਾਨੂੰ ਬਿਨਾਂ ਵੇਰਵਿਆਂ ਦੇ ਸਾਡੇ ਸੰਵਿਧਾਨ ਨੂੰ ਬਦਲਣ ਲਈ ਵੋਟ ਪਾਉਣ ਲਈ ਕਿਹਾ ਜਾ ਰਿਹਾ ਹੈ।

ਆਸਟ੍ਰੇਲੀਆ ਦੇ ਲੋਕਾਂ ਨੂੰ ਕੋਰੇ ਚੈੱਕ 'ਤੇ ਦਸਤਖਤ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਹੈ।

"ਆਸਟ੍ਰੇਲੀਆ ਦੇ ਲੋਕ ਕਿਸੇ ਅਜਿਹੀ ਚੀਜ਼ ਲਈ ਕਿਵੇਂ ਸਹਿਮਤ ਹੋ ਸਕਦੇ ਹਨ ਜਿੱਥੇ ਅਸੀਂ ਵੇਰਵੇ ਨਹੀਂ ਜਾਣਦੇ ਹਾਂ?"
*(ਸੈਨੇਟਰ Kerrynne Liddle, ਬਾਲ ਸੁਰੱਖਿਆ ਅਤੇ ਪਰਿਵਾਰਕ ਹਿੰਸਾ ਦੀ ਰੋਕਥਾਮ ਲਈ ਸ਼ੈਡੋ (ਵਿਰੋਧੀ ਦਲ) ਮੰਤਰੀ ਅਤੇ Arrernte ਸਮਾਜ ਦੀ ਔਰਤ)*

## 3. ਇਹ ਸਾਨੂੰ ਵੰਡਦੀ ਹੈ

> ਸਾਡੇ ਸੰਵਿਧਾਨ ਵਿੱਚ ਆਸਟ੍ਰੇਲੀਆ ਦੇ ਸਿਰਫ਼ ਇੱਕ ਸਮੂਹ ਲਈ ਇੱਕ ਸੰਸਥਾ ਨੂੰ ਦਰਜ ਕਰਨ ਦਾ ਮਤਲਬ ਹੈ ਪੱਕੇ ਤੌਰ 'ਤੇ ਆਸਟ੍ਰੇਲੀਆ ਦੇ ਲੋਕਾਂ ਨੂੰ ਵੰਡਣਾ। ਬਹੁਤ ਸਾਰੇ ਆਸਟ੍ਰੇਲੀਆ ਦੇ ਆਦਿਵਾਸੀ ਲੋਕ ਇਸ ਨਾਲ ਸਹਿਮਤ ਨਹੀਂ ਹਨ।

**"ਇਹ ਆਵਾਜ਼ (ਵੌਇਸ) ਸਾਨੂੰ ਇਕਜੁੱਟ ਨਹੀਂ ਕਰੇਗੀ, ਇਹ ਸਾਨੂੰ ਨਸਲ ਦੇ ਅਧਾਰ ਤੇ ਵੰਡੇਗੀ।"**
(*ਸੈਨੇਟਰ Jacinta Nampijinpa Price, ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਅਤੇ Warlpiri ਔਰਤਾਂ ਲਈ ਸ਼ੈਡੋ (ਵਿਰੋਧੀ ਦਲ) ਮੰਤਰੀ*)

ਇਹ ਸਾਡੀ ਲੋਕਤੰਤਰੀ ਪ੍ਰਣਾਲੀ ਦੇ ਮੁੱਖ ਸਿਧਾਂਤ ਦੇ ਵਿਰੁੱਧ ਹੈ, ਕਿ ਸਾਰੇ ਆਸਟ੍ਰੇਲੀਆ ਦੇ ਲੋਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ।

"ਪ੍ਰਸਤਾਵਿਤ ਐਸ 129 ਵਿੱਚ ਸ਼ਾਮਲ ਚੀਜ਼ਾਂ ਦਾ ਮਤਲਬ ਇਹ ਹੋਵੇਗਾ ਕਿ ਅਸੀਂ ਇੱਕ ਰਾਸ਼ਟਰ ਬਣ ਜਾਈਏ ਜਿੱਥੇ, ਅਸੀਂ ਜਾਂ ਸਾਡੇ ਪੁਰਖੇ ਜੋ ਜਦੋਂ ਵੀ ਇਸ ਦੇਸ਼ ਵਿੱਚ ਪਹਿਲੀ ਵਾਰ ਆਏ, ਅਸੀਂ ਸਾਰੇ ਬਰਾਬਰ ਨਹੀਂ ਹਾਂ।"
(*David Jackson AM KC, ਸਾਬਕਾ ਫੈਡਰਲ ਕੋਰਟ ਜੱਜ*) [2]

ਸਾਡਾ ਸੰਵਿਧਾਨ ਆਸਟ੍ਰੇਲੀਆ ਦੇ ਸਾਰੇ ਲੋਕਾਂ ਦਾ ਹੈ। ਸਾਡੀ ਸੰਸਦ ਉੱਥੇ ਸਾਰੇ ਆਸਟ੍ਰੇਲੀਆ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਹੈ। ਇਸ ਵਿੱਚ ਹੁਣ ਵੱਡੀ ਗਿਣਤੀ ਵਿੱਚ 11 ਆਦਿਵਾਸੀ ਮੈਂਬਰ ਅਤੇ ਸੈਨੇਟਰ ਸ਼ਾਮਲ ਹਨ।

ਸਾਡੇ ਰਾਸ਼ਟਰੀ ਗੀਤ ਨੂੰ ਹਾਲ ਹੀ ਵਿੱਚ ਇਸ ਤੱਥ ਨੂੰ ਦਰਸਾਉਣ ਲਈ ਬਦਲਿਆ ਗਿਆ ਸੀ ਕਿ ਅਸੀਂ "ਇੱਕ ਅਤੇ ਆਜ਼ਾਦ" ਹਾਂ।

**ਇਸ ਦੇ ਉਲਟ, ਇਹ ਅਵਾਜ਼ (ਵੌਇਸ) ਸਥਾਈ ਤੌਰ 'ਤੇ ਆਸਟ੍ਰੇਲੀਆ ਵਾਸੀਆਂ ਨੂੰ ਕਾਨੂੰਨ ਅਤੇ ਭਾਵਨਾ ਵਿੱਚ ਵੰਡ ਦੇਵੇਗੀ।**

"ਅਸੀਂ ਸਾਰੇ ਆਸਟ੍ਰੇਲੀਅਨ ਹਾਂ। ਅਤੇ ਇਹ ਇਸੇ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਇਸ ਨੂੰ ਇਸ ਅਖੌਤੀ ਆਵਾਜ਼ (ਵੌਇਸ) ਦੁਆਰਾ ਵੰਡਿਆ ਨਹੀਂ ਜਾਣਾ ਚਾਹੀਦਾ ਜੋ ਇਸ ਦੇਸ਼ ਨੂੰ ਵਿਚਕਾਰੋਂ ਵੰਡ ਦੇਵੇਗੀ।"
(*Ian Conway, Central Arrernte ਸੀਨੀਅਰ ਕਸਟੋਡੀਅਨ (ਮੁੱਖ ਰਾਖੇ)*)

---

2 ਸੰਸਦੀ ਜਾਂਚ ਦੀ ਸਪੁਰਦਗੀ, 11/04/2023

**No ਕੇਸ ਜਾਰੀ ਹੈ** p.15

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**

ਆਸਟ੍ਰੇਲੀਆ ਦੇ ਆਦਿਵਾਸੀ ਲੋਕ ਮਾਨਤਾ ਦਾ ਜਿਸ ਰੂਪ ਦਾ ਸਾਨੂੰ ਸਮਰਥਨ ਕਰਨ ਲਈ ਕਹਿ ਰਹੇ ਹਨ ਉਹ ਹੈ ਆਵਾਜ਼ (ਵੌਇਸ)। ਵਿਹਾਰਕ ਤਬਦੀਲੀ ਲਈ ਇੱਕ ਜਰੀਆ।

**Johnathan Thurston, ਐਨ ਆਰ ਐਲ ਚੈਂਪੀਅਨ ਅਤੇ ਕੋਚ, Gunggari ਵਿਅਕਤੀ:**
*"ਸਾਡੇ ਨੌਜਵਾਨ ਆਪਣੇ ਜੀਵਨ ਨੂੰ ਸਰਵੋਤਮ ਬਨਾਉਣ ਦੇ ਮੌਕੇ ਦੇ ਹੱਕਦਾਰ ਹਨ। ਮੈਂ ਕੁਈਨਜ਼ਲੈਂਡ ਵਿੱਚ Yarrabah ਭਾਈਚਾਰੇ ਵਿੱਚ ਸਕੂਲੀ ਬੱਚਿਆਂ ਨਾਲ ਮਿਲ ਕੇ ਕੰਮ ਕਰਦਾ ਹਾਂ। ਮੈਂ ਉਨ੍ਹਾਂ ਰੁਕਾਵਟਾਂ ਨੂੰ ਦੇਖਿਆ ਹੈ ਜਿਨ੍ਹਾਂ ਦਾ ਉਹ ਸਾਹਮਣਾ ਕਰਦੇ ਹਨ। ਕੋਈ ਵੀ ਇਸ ਨੂੰ ਆਪਣੇ ਸਥਾਨਕ ਭਾਈਚਾਰੇ ਨਾਲੋਂ ਬਿਹਤਰ ਨਹੀਂ ਸਮਝਦਾ। ਉਹਨਾਂ ਨੂੰ ਕੁਝ ਕਹਿਣ ਦਾ ਮੌਕਾ ਦੇਣ ਦਾ ਮਤਲਬ ਹੋਵੇਗਾ ਕਿ ਸਾਡੇ ਵਧੇਰੇ ਬੱਚੇ ਆਪਣੀ ਸਮਰੱਥਾ ਤੱਕ ਪਹੁੰਚ ਸਕਦੇ ਹਨ। ਆਵਾਜ਼ (ਵੌਇਸ) ਇਸੇ ਬਾਰੇ ਹੈ।"*

## 3. ਯਕੀਨੀ ਬਣਾਓ ਕਿ ਲੋਕਾਂ ਦਾ ਜੀਵਨ ਬਿਹਤਰ ਹੋਵੇ।

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਅਸਲ ਸੁਧਾਰ ਪ੍ਰਦਾਨ ਕਰਨ ਲਈ ਆਵਾਜ਼ (ਵੌਇਸ) ਇੱਕ ਜਰੀਆ ਹੈ ਜਿਸ ਵਿੱਚ:

- ਲੰਬੀ ਜ਼ਿੰਦਗੀ ਦੀ ਸੰਭਾਵਨਾ।
- ਬਾਲ ਮੌਤ ਦਰ ਅਤੇ ਸਿਹਤ।
- ਸਿੱਖਿਆ ਅਤੇ ਰੁਜ਼ਗਾਰ।

ਲੰਬੇ ਸਮੇਂ ਤੋਂ, ਨੇਕ ਇਰਾਦਿਆਂ ਵਾਲੀਆਂ ਸਰਕਾਰਾਂ ਨੇ ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਅਰਬਾਂ ਰੁਪਏ ਖਰਚ ਕੀਤੇ ਹਨ।

ਪਰ ਉਹ ਸਥਾਈ ਸੁਧਾਰ ਨਹੀਂ ਲਿਆ ਸਕੇ ਕਿਉਂਕਿ ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਗੱਲ ਨਹੀਂ ਸੁਣੀ ਹੈ।

ਮੌਜੂਦਾ ਵਿਧੀ ਟੁੱਟੀ ਹੋਈ ਹੈ ਅਤੇ ਆਵਾਜ਼ (ਵੌਇਸ) ਇਸ ਨੂੰ ਠੀਕ ਕਰਨ ਦਾ ਸਾਡਾ ਸਭ ਤੋਂ ਵਧੀਆ ਮੌਕਾ ਹੈ।

ਕੋਈ ਵੀ ਇਹ ਨਹੀਂ ਸੋਚਦਾ ਕਿ ਆਵਾਜ਼ (ਵੌਇਸ) ਜਲਦੀ ਸਭ ਕੁਝ ਠੀਕ ਕਰ ਦੇਵੇਗੀ - ਪਰ ਸਾਡੇ ਕੋਲ ਘਟੋ-ਘੱਟ ਸਹੀ ਪਹੁੰਚ ਹੋਵੇਗੀ।

**ਇੱਥੇ ਤਿੰਨ ਉਦਾਹਰਣਾਂ ਹਨ ਜਿੱਥੇ ਆਦਿਵਾਸੀ ਲੋਕਾਂ ਨੂੰ ਸੁਣਨ ਨਾਲ ਵਧੀਆ ਨਤੀਜੇ ਮਿਲੇ ਹਨ।**

**ਸੋਚੋ ਕਿ ਆਸਟ੍ਰੇਲੀਆ ਇਸ ਆਵਾਜ਼ (ਵੌਇਸ) ਨਾਲ ਕਿੰਨੀ ਤਰੱਕੀ ਕਰ ਸਕਦਾ ਹੈ।**

### ਸੁਣਨਾ ਕੰਮ ਕਰਦਾ ਹੈ: ਬਿਹਤਰ ਸਿਹਤ ਸੇਵਾਵਾਂ

ਭਾਈਚਾਰਕ-ਨਿਯੰਤਰਿਤ ਆਦਿਵਾਸੀ ਡਾਕਟਰੀ ਸੇਵਾਵਾਂ ਸਥਾਨਕ ਆਦਿਵਾਸੀ ਲੋਕਾਂ ਨੂੰ ਰੁਜ਼ਗਾਰ ਦਿੰਦੀਆਂ ਹਨ।

ਉਹ ਕਲੀਨਿਕ ਚਲਾਉਂਦੇ ਹਨ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦਾ ਦੌਰਾ ਕਰਦੇ ਹਨ, ਬੱਚਿਆਂ ਦੇ ਟੀਕਾਕਰਨ ਵਰਗੀਆਂ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਦੇ ਹਨ।

ਦੱਖਣ ਪੂਰਬੀ ਕੁਈਨਜ਼ਲੈਂਡ ਵਿੱਚ, ਸਥਾਨਕ ਆਦਿਵਾਸੀ ਮੈਡੀਕਲ ਸੇਵਾ ਅਤੇ ਭਾਈਚਾਰੇ ਨੇ 10 ਸਾਲਾਂ ਵਿੱਚ ਸਾਲਾਨਾ ਸਿਹਤ ਜਾਂਚਾਂ ਦੀ ਗਿਣਤੀ ਨੂੰ 550 ਤੋਂ 20,000 ਤੱਕ ਵਧਾਉਣ ਲਈ ਮਿਲ ਕੇ ਕੰਮ ਕੀਤਾ।

### ਸੁਣਨਾ ਕੰਮ ਕਰਦਾ ਹੈ: ਸਿੱਖਿਆ ਵਿੱਚ ਬਿਹਤਰ ਨਤੀਜੇ

ਆਰਨਹੈਮ ਲੈਂਡ ਵਿੱਚ ਨਵੇਂ Dhupuma Barker ਸਕੂਲ ਦੇ ਹਰ ਪੜਾਅ ਵਿੱਚ ਪਰਿਵਾਰ ਅਤੇ ਭਾਈਚਾਰਕ ਆਗੂ ਸ਼ਾਮਲ ਹੋਏ ਹਨ, ਪਾਠਕ੍ਰਮ-ਯੋਜਨਾ ਤੋਂ ਲੈ ਕੇ ਵਰਦੀਆਂ ਅਤੇ ਦੁਪਹਿਰ ਦੇ ਖਾਣੇ ਤੱਕ।

ਸੱਚੀ-ਸੁੱਚੀ ਭਾਈਵਾਲੀ ਨੇ **ਸਕੂਲ ਵਿੱਚ ਹਾਜ਼ਰੀ ਦੀਆਂ ਵਧੀਆਂ ਦਰਾਂ ਅਤੇ ਬਿਹਤਰ ਨਤੀਜੇ** ਦਿੱਤੇ ਹਨ। 'Dhupuma Firebirds' ਰੋਬੋਟਿਕਸ (ਰੋਬਟ ਬਨਾਉਣ ਵਾਲੀ) ਟੀਮ ਨੇ ਹਾਲ ਹੀ ਵਿੱਚ ਟੈਕਸਾਸ ਵਿੱਚ VEX (ਵੀ ਈ ਐਕ੍ਸ) ਇੰਟਰਨੈਸ਼ਨਲ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ, ਜੋ ਕਿ ਕੁਆਲੀਫਾਈ ਕਰਨ ਵਾਲੀ ਨੋਰਦਰਨ ਟੈਰੀਟਰੀ ਦੀ ਪਹਿਲੀ ਟੀਮ ਹੈ।

ਮੁੱਖ ਅਧਿਆਪਕ Phillip Heath ਦਾ ਕਹਿਣਾ ਹੈ:
*"ਭਾਈਚਾਰੇ ਨੂੰ ਸੁਣਨਾ ਖੇਤਰੀ ਅਤੇ ਦੂਰ-ਦੁਰਾਡੇ ਦੀ ਸਿੱਖਿਆ ਵਿੱਚ ਇਨਕਲਾਬ ਲਿਆਇਆ ਹੈ।"*

### ਸੁਣਨਾ ਕੰਮ ਕਰਦਾ ਹੈ: ਆਦਿਵਾਸੀ ਅਫ਼ਸਰ

ਦੇਸ਼ ਵਿੱਚ ਲਗਭਗ 2,000 ਆਦਿਵਾਸੀ ਅਫ਼ਸਰ ਕੰਮ ਕਰ ਰਹੇ ਹਨ।

ਅਫ਼ਸਰ ਜੰਗਲ **ਦੀ ਅੱਗ (ਬੁਸ਼ ਫਾਇਰ) ਨੂੰ ਰੋਕਣ, ਜੰਗਲੀ ਕੀੜਿਆਂ ਨੂੰ ਨਿਯੰਤਰਿਤ ਕਰਨ ਅਤੇ ਸਾਡੀਆਂ ਨਦੀਆਂ ਦੀ ਸਿਹਤ ਨੂੰ ਸੁਧਾਰਨ ਲਈ ਕੰਮ ਕਰਕੇ** ਸਾਡੇ ਵਾਤਾਵਰਣ ਦੀ ਦੇਖਭਾਲ ਕਰਦੇ ਹਨ।

ਆਦਿਵਾਸੀ ਅਫ਼ਸਰਾਂ ਨੂੰ ਸੁਣਨ ਦਾ ਮਤਲਬ ਹੈ 65,000 ਸਾਲਾਂ ਦੇ ਗਿਆਨ ਨੂੰ ਸਾਂਝਾ ਕਰਨਾ ਅਤੇ ਸਾਡੀ ਧਰਤੀ ਅਤੇ ਪਾਣੀਆਂ ਨਾਲ ਜੁੜਨਾ।

**ਸਾਰੇ ਆਸਟ੍ਰੇਲੀਆ ਵਿੱਚ ਬਿਹਤਰ ਨਤੀਜਿਆਂ ਲਈ Yes ਵੋਟ ਪਾਉ।**

**ਇਸ ਪਾੜ੍ਹੇ ਨੂੰ ਪੂਰਾ ਕਰਨ ਵਿੱਚ ਮਦਦ ਲਈ Yes ਵੋਟ ਪਾਉ।**

**Yes ਕੇਸ ਜਾਰੀ ਹੈ** p.16

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**





## 4. ਇਹ ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਦੀ ਮਦਦ ਨਹੀਂ ਕਰੇਗੀ

ਅਸੀਂ ਸਾਰੇ ਇਸ ਪਾੜ੍ਹੇ ਨੂੰ ਖਤਮ ਕਰਨ ਅਤੇ ਸੁਲ੍ਹਾ-ਸਫ਼ਾਈ ਕਰਨ ਲਈ, ਪਛੜੇ ਭਾਈਚਾਰਿਆਂ ਵਿੱਚ ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹਾਂ।

**ਹਾਲਾਂਕਿ, ਵਧੇਰੇ ਅਫ਼ਸਰਸ਼ਾਹੀ ਇਸ ਦਾ ਜਵਾਬ ਨਹੀਂ ਹੈ।**

ਇਸ ਸਮੇਂ ਸਰਕਾਰ ਦੇ ਸਾਰੇ ਪੱਧਰਾਂ 'ਤੇ ਸੈਂਕੜੇ ਆਦਿਵਾਸੀ ਪ੍ਰਤੀਨਿਧ ਸੰਸਥਾਵਾਂ ਹਨ, ਜਿਸ ਵਿੱਚ ਨੈਸ਼ਨਲ ਇੰਡੀਜੀਨੀਅਸ ਆਸਟ੍ਰੇਲੀਅਨ ਏਜੰਸੀ ਸ਼ਾਮਲ ਹੈ ਜਿਸ ਵਿੱਚ 1,400 ਅਮਲਾ ਹੈ।

ਇੱਕ ਕੇਂਦਰਿਤ ਆਵਾਜ਼ (ਵੌਇਸ) ਹੋਣ ਨਾਲ ਖੇਤਰੀ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਦੀਆਂ ਲੋੜਾਂ ਦਾ ਨਜ਼ਰਅੰਦਾਜ਼ ਹੋਣ ਦਾ ਖ਼ਤਰਾ ਹੈ।

"ਰਾਸ਼ਟਰੀ ਆਵਾਜ਼ (ਵੌਇਸ) ਦੇਸ਼ ਲਈ ਗੱਲ ਨਹੀਂ ਕਰ ਸਕਦੀ।"
(*Nyunggai Warren Mundine AO, ਆਸਟ੍ਰੇਲੀਅਨ ਫਾਰ ਯੂਨਿਟੀ ਬੋਰਡ ਮੈਂਬਰ ਅਤੇ Bundjalung ਸਮਾਜ ਦਾ ਆਦਮੀ*)

ਇਸ ਸਮੇਂ, ਬਹੁਤ ਸਾਰੀਆਂ ਆਵਾਜ਼ਾਂ ਕੁਝ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿੱਚ ਤਬਾਹਕੁਨ ਸਮਾਜਿਕ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਮਦਦ ਮੰਗ ਰਹੀਆਂ ਹਨ। ਲੋੜ ਹੈ ਸਿਰਫ ਕਾਰਵਾਈ ਕਰਨ ਦੀ।

**"ਕੈਨਬਰਾ ਵਿੱਚ ਸਾਨੂੰ ਜੋ ਚਾਹੀਦਾ ਹੈ ਉਹ ਕੰਨ ਹਨ, ਆਵਾਜ਼ (ਵੌਇਸ) ਨਹੀਂ।"**
(*ਸੈਨੇਟਰ Jacinta Nampijinpa Price, ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਅਤੇ Warlpiri ਔਰਤਾਂ ਲਈ ਸ਼ੈਡੋ (ਵਿਰੋਧੀ ਦਲ) ਮੰਤਰੀ*)

## 5. ਕੋਈ ਵੀ ਮੁੱਦਾ ਇਸਦੇ ਦਾਇਰੇ ਤੋਂ ਬਾਹਰ ਨਹੀਂ ਹੈ

ਇਹ ਆਵਾਜ਼ (ਵੌਇਸ) ਦਾ ਮਾਡਲ ਸਿਰਫ਼ ਸੰਸਦ ਲਈ ਨਹੀਂ ਹੈ, ਇਹ "ਕਾਰਜਕਾਰੀ ਸਰਕਾਰ" ਦੇ ਸਾਰੇ ਖੇਤਰਾਂ ਤੱਕ – ਬਹੁਤ ਅੱਗੇ ਤੱਕ ਜਾਂਦਾ ਹੈ। **ਇਸ ਵਿੱਚ ਸਾਰੇ ਸਰਕਾਰੀ ਵਿਭਾਗ, ਏਜੰਸੀਆਂ ਅਤੇ ਹੋਰ ਸੰਸਥਾਵਾਂ (ਜਿਵੇਂ ਕਿ ਰਿਜ਼ਰਵ ਬੈਂਕ) ਸ਼ਾਮਲ ਹਨ।**

ਅਰਥਵਿਵਸਥਾ, ਰਾਸ਼ਟਰੀ ਸੁਰੱਖਿਆ, ਬੁਨਿਆਦੀ ਢਾਂਚਾ, ਸਿਹਤ, ਸਿੱਖਿਆ ਅਤੇ ਹੋਰ ਦੇ ਸਬੰਧ ਵਿੱਚ ਫੈਸਲੇ ਸਾਰੇ ਇਸਦੇ ਦਾਇਰੇ ਵਿੱਚ ਹੋਣਗੇ।

ਸਰਕਾਰ ਦੇ ਰੈਫਰੈਂਡਮ (ਜਨਮਤ ਸੰਗ੍ਰਹਿ) ਕਾਰਜ ਸਮੂਹ ਦੇ ਇੱਕ ਸਦੱਸ ਦੇ ਸ਼ਬਦਾਂ ਵਿੱਚ:

"ਆਵਾਜ਼ (ਵੌਇਸ) ਸਰਕਾਰ ਦੇ ਸਾਰੇ ਹਿੱਸਿਆਂ, ਮੰਤਰੀ ਮੰਡਲ, ਮੰਤਰੀਆਂ, ਜਨਤਕ ਸੇਵਕਾਂ, ਅਤੇ ਸੁਤੰਤਰ ਵਿਧਾਨਕ ਦਫਤਰਾਂ ਅਤੇ ਏਜੰਸੀਆਂ ਸਮੇਤ - ਜਿਵੇਂ ਕਿ ਰਿਜ਼ਰਵ ਬੈਂਕ ਨਾਲ ਗੱਲ ਕਰਨ ਦੇ ਯੋਗ ਹੋਵੇਗੀ ... ਇਹ ਆਵਾਜ਼ ਨੂੰ ਬੰਦ ਨਹੀਂ ਕਰ ਸਕਦੀ।"
(*ਪ੍ਰੋਫੈਸਰ Megan Davis ਅਤੇ Gabrielle Appleby*)[3]

ਸੰਵਿਧਾਨਕ ਕਾਨੂੰਨ ਦੇ ਇੱਕ ਪ੍ਰੋਫੈਸਰ ਦੇ ਸ਼ਬਦਾਂ ਵਿੱਚ ਜੋ ਆਵਾਜ਼ (ਵੌਇਸ) ਦਾ ਸਮਰਥਨ ਕਰਦਾ ਹੈ:

"ਮੈਨੂੰ ਲਗਦਾ ਹੈ ਕਿ ਇਹ ਘਾਤਕ ਤੋਰ ਤੇ ਨੁਕਸਦਾਰ ਹੈ ਕਿਉਂਕਿ ਇਹ ਜੋ ਕਰਦੀ ਹੈ ਉਹ ਕਾਰਜਕਾਰੀ ਕਾਰਵਾਈ ਦੀ ਸਮੀਖਿਆ ਦੀ ਪੂਰੀ ਸ਼੍ਰੇਣੀ ਨੂੰ ਕਾਇਮ ਰੱਖਦਾ ਹੈ। ਇਸਦਾ ਮਤਲਬ ਹੈ ਕਿ ਆਵਾਜ਼ (ਵੌਇਸ) ਪਣਡੁੱਬੀਆਂ ਤੋਂ ਲੈ ਕੇ ਪਾਰਕਿੰਗ ਟਿਕਟਾਂ ਤੱਕ ਹਰ ਚੀਜ਼ 'ਤੇ ਟਿੱਪਣੀ ਕਰ ਸਕਦੀ ਹੈ...ਸਾਡੇ ਕੋਲ ਨਿਯਮਤ ਤੋਰ ਤੇ ਨਿਆਂਇਕ ਦਖਲ ਆਉਣਗੇ।"
(*ਪ੍ਰੋਫੈਸਰ Greg Craven AO*)[4]

ਬਹੁਤ ਸਾਰੇ ਕਾਨੂੰਨੀ ਮਾਹਿਰਾਂ ਨੇ ਇਸ ਦੇ ਦਾਇਰੇ ਬਾਰੇ ਚਿੰਤਾ ਪ੍ਰਗਟ ਕੀਤੀ ਹੈ, ਹਾਲਾਂਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਅਣਦੇਖਿਆ ਕੀਤਾ ਗਿਆ ਹੈ।

## 6. ਇਸ ਨਾਲ ਦੇਰੀ ਅਤੇ ਨਿਕੰਮਿਆਂ ਹੋਣ ਦਾ ਖਤਰਾ ਹੈ

ਆਸਟ੍ਰੇਲੀਆ ਦੀ ਸੰਸਦ ਇੱਕ ਸਾਲ ਵਿੱਚ ਸੈਂਕੜੇ ਕਾਨੂੰਨਾਂ ਨਾਲ ਨਜਿੱਠਦੀ ਹੈ।

ਇਸ ਆਵਾਜ਼ (ਵੌਇਸ) ਦਾ ਦਾਇਰਾ ਸੰਸਦ ਤੋਂ ਪਰੇ ਹੈ, ਇਹ ਵਿਭਾਗਾਂ, ਏਜੰਸੀਆਂ ਅਤੇ "ਕਾਰਜਕਾਰੀ ਸਰਕਾਰ" ਦੇ ਸਾਰੇ ਖੇਤਰਾਂ ਨੂੰ ਆਪਣੇ ਥੱਲੇ ਲਿਆਉਂਦੀ ਹੈ।

ਆਵਾਜ਼ (ਵੌਇਸ) ਇਸ ਤੇ ਕਿਵੇਂ ਕੰਮ ਕਰੇਗੀ?

**ਜੇਕਰ ਅਵਾਜ਼ (ਵੌਇਸ) ਇਸ ਨਾਲ ਸਲਾਹ-ਮਸ਼ਵਰਾ ਕਰਨ ਦੇ ਤਰੀਕੇ, ਜਾਂ ਕੀਤੇ ਗਏ ਫੈਸਲੇ ਤੋਂ ਸੰਤੁਸ਼ਟ ਨਹੀਂ ਹੈ, ਤਾਂ ਇਹ ਅਦਾਲਤਾਂ ਨੂੰ ਅਪੀਲ ਕਰ ਸਕਦੀ ਹੈ। ਇਸ ਵਿੱਚ ਕਿੰਨਾ ਸਮਾਂ ਲੱਗੇਗਾ?**

ਬਹੁਤ ਸਾਰੇ ਕਾਨੂੰਨੀ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਫੈਸਲੇ ਲੈਣ ਵਿੱਚ ਕਾਫ਼ੀ ਦੇਰੀ ਹੋਵੇਗੀ।

"ਅਵਾਜ਼ (ਵੌਇਸ) ਲਗਭਗ ਨਿਸ਼ਚਿਤ ਤੌਰ 'ਤੇ ਮੌਜੂਦਾ ਮੁੱਦਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਬਾਰੇ ਲੰਬੀ ਬਹਿਸ ਲਈ ਇੱਕ ਇਲਜ਼ਾਮ ਲਾਉਣ ਵਾਲੀ ਚੀਜ਼ ਬਣ ਜਾਵੇਗੀ। ਰਾਸ਼ਟਰੀ ਏਜੰਡੇ 'ਤੇ ਮੌਜੂਦਾ ਚਿੰਤਾ ਦੇ ਲਗਭਗ ਹਰ ਮਾਮਲੇ ਵਿੱਚ ਕਿਸੇ ਨਾ ਕਿਸੇ ਕਿਸਮ ਦੇ ਆਦਿਵਾਸੀ ਹਿੱਸੇ ਨੂੰ ਦੇਖਿਆ ਜਾਵੇਗਾ।"
(*Nicholas Hasluck AM KC, WA (ਡਬਲਯੂ ਏ) ਸੁਪਰੀਮ ਕੋਰਟ ਦੇ ਸਾਬਕਾ ਜੱਜ*)[5]

ਕਾਨੂੰਨੀ ਅਪੀਲਾਂ ਅਤੇ ਦੇਰੀ ਹੋਣ ਦੇ ਖਤਰੇ ਦਾ ਮਤਲਬ ਹੈ ਨਿਕੰਮੀ ਸਰਕਾਰ ਹੋਣ ਦਾ ਖਤਰਾ।

---

3 ਦਾ ਆਸਟ੍ਰੇਲੀਅਨ, 1/4/2023
4 ਡੇਲੀ ਮੇਲ, 24/3/2023
5 ਸੰਸਦੀ ਜਾਂਚ ਦੀ ਸਪੁਰਦਗੀ, 16/4/2023

**No ਕੇਸ ਜਾਰੀ ਹੈ** p.17

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**

## 4. ਆਪਣੇ ਦੇਸ਼ ਨੂੰ ਇਕੱਠਾ ਕਰਨਾ।

Yes ਵੋਟ ਪਾਉਣ ਦਾ ਮਤਲਬ ਹੈ:

- ਆਪਣੇ ਅਤੀਤ ਨਾਲ ਸੁਲ੍ਹਾ ਕਰਨਾ ਅਤੇ ਇੱਕ ਬਿਹਤਰ ਭਵਿੱਖ ਵੱਲ ਵਧਣਾ।
- ਇੱਕ ਤਬਦੀਲੀ ਜੋ ਸਿਰਫ ਤੁਸੀਂ ਹੀ ਲਿਆ ਸਕਦੇ ਹੋ।

1901 ਵਿੱਚ ਸਾਡੇ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਆਸਟ੍ਰੇਲੀਆ ਨੇ ਬਹੁਤ ਲੰਮਾ ਸਫ਼ਰ ਤੈਅ ਕੀਤਾ ਹੈ।

ਅਸੀਂ ਹੁਣ ਆਦਿਵਾਸੀ ਆਸਟ੍ਰੇਲੀਆ ਦੇ ਲੋਕਾਂ ਅਤੇ ਸਾਡੇ ਦੇਸ਼ ਲਈ ਉਨ੍ਹਾਂ ਦੇ ਯੋਗਦਾਨ ਦਾ ਸਹੀ ਢੰਗ ਨਾਲ ਜਸ਼ਨ ਮਨਾਉਂਦੇ ਹਾਂ।

1967 ਦੇ ਰੈਫਰੈਂਡਮ (ਜਨਮਤ ਸੰਗ੍ਰਹਿ) ਵਿੱਚ, 90% ਆਸਟ੍ਰੇਲੀਆ ਦੇ ਲੋਕਾਂ ਨੇ ਸੰਵਿਧਾਨ ਨੂੰ ਬਦਲਣ ਲਈ Yes ਵਿੱਚ ਵੋਟ ਪਾਈ, ਤਾਂ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਆਬਾਦੀ ਵਿੱਚ ਉਸੇ ਤਰ੍ਹਾਂ ਗਿਣਿਆ ਜਾਵੇ ਜਿਵੇਂ ਕਿ ਹਰ ਕਿਸੇ ਨੂੰ ਗਿਣਿਆ ਜਾਂਦਾ ਹੈ।

ਇਹ ਇਕਜੁੱਟਤਾ ਲਿਆਉਣ ਵਾਲਾ ਕਦਮ ਸੀ।

ਇਕੱਠੇ ਸਾਡੇ ਕੋਲ ਅਗਲਾ ਕਦਮ ਚੁੱਕਣ ਦਾ ਮੌਕਾ ਹੈ – ਆਵਾਜ਼ (ਵੌਇਸ) ਰਾਹੀਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਮਾਨਤਾ ਦੇਣ ਦਾ।

ਸਾਡੇ ਵਰਗੇ ਪਿਛੋਕੜ ਵਾਲੇ ਹੋਰ ਦੇਸ਼ਾਂ, ਜਿਵੇਂ ਕਿ ਕੈਨੇਡਾ ਅਤੇ ਨਿਊਜ਼ੀਲੈਂਡ, ਨੇ ਦਹਾਕਿਆਂ ਪਹਿਲਾਂ ਆਪਣੇ ਮੂਲ ਨਿਵਾਸਿਆਂ ਨੂੰ ਰਸਮੀ ਤੌਰ 'ਤੇ ਮਾਨਤਾ ਦੇ ਦਿੱਤੀ ਸੀ।

**ਤਜਰਬਾ ਦਰਸਾਉਂਦਾ ਹੈ ਕਿ ਡਰਨ ਦੀ ਕੋਈ ਗੱਲ ਨਹੀਂ ਹੈ - ਅਤੇ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ।**

> **Rachel Perkins, ਐਲਿਸ ਸਪ੍ਰਿੰਗਜ਼ ਤੋਂ ਫਿਲਮ ਨਿਰਮਾਤਾ, Arrernte/Kalkadoon ਸਮਾਜ ਦੀ ਔਰਤ:**
> *"ਸਾਡੇ ਲੋਕਾਂ ਨੇ ਬਿਹਤਰ ਜ਼ਿੰਦਗੀ ਦੇ ਮੌਕੇ ਲਈ ਪ੍ਰਚਾਰ ਕਰਨ ਵਿੱਚ ਦਹਾਕਿਆਂ ਦਾ ਸਮਾਂ ਲਾਇਆ ਹੈ। ਅਸੀਂ ਕਦੇ ਵੀ ਅੱਜ ਤੋਂ ਜ਼ਿਆਦਾ ਦ੍ਰਿੜ ਜਾਂ ਇਕਜੁੱਟ ਨਹੀਂ ਰਹੇ। ਆਵਾਜ਼ (ਵੌਇਸ)ਸਾਡਾ ਸਭ ਤੋਂ ਵਧੀਆ ਮੌਕਾ ਹੈ, ਆਓ ਇਸਨੂੰ ਮੌਕੇ ਨੂੰ ਸੰਭਾਲੀਏ।"*

## 5. ਪੈਸੇ ਬਚਾਓ।

ਜਦੋਂ ਸਰਕਾਰਾਂ ਲੋਕਾਂ ਦੀ ਗੱਲ ਸੁਣਦੀਆਂ ਹਨ, ਤਾਂ ਉਹ ਬਿਹਤਰ ਨਤੀਜੇ ਪ੍ਰਾਪਤ ਕਰਦੀਆਂ ਹਨ ਅਤੇ ਪੈਸੇ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਦੀਆਂ ਹਨ।

> **ਆਂਟੀ Pat Anderson AO, ਕੋ-ਚੇਅਰ ਉਲੂਰੂ ਡਾਇਲਾਗਜ਼, Alyawarre ਸਮਾਜ ਦੀ ਔਰਤ**:
> *"ਜਦੋਂ ਤੁਸੀਂ ਲੋਕਾਂ ਨੂੰ ਸ਼ਾਮਲ ਕਰਦੇ ਹੋ, ਤਾਂ ਤੁਸੀਂ ਬਿਹਤਰ ਫੈਸਲੇ ਲੈਂਦੇ ਹੋ ਅਤੇ ਜੋ ਪੈਸਾ ਤੁਸੀਂ ਖਰਚ ਕਰਦੇ ਹੋ ਉੱਥੇ ਲੱਗਦਾ ਹੈ ਜਿੱਥੇ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ: ਜ਼ਮੀਨੀ ਪੱਧਰ ਦੇ ਲੋਕਾਂ ਵਾਸਤੇ।"*

ਦੋਵਾਂ ਪਾਸਿਆਂ ਦੀਆਂ ਸਰਕਾਰਾਂ ਨੇ ਅਜਿਹੇ ਪ੍ਰੋਗਰਾਮਾਂ ਵਿੱਚ ਅਰਬਾਂ ਦਾ ਨਿਵੇਸ਼ ਕੀਤਾ ਹੈ ਜਿਨ੍ਹਾਂ ਨੇ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਹੈ ਜਾਂ ਭਾਈਚਾਰਿਆਂ ਤੱਕ ਨਹੀਂ ਪਹੁੰਚਿਆ ਹੈ।

ਆਵਾਜ਼ (ਵੌਇਸ) ਸਥਾਨਕ ਲੋਕਾਂ ਨੂੰ ਸੁਣਨ ਅਤੇ ਪੈਸੇ ਬਚਾਉਣ ਵਿੱਚ ਸਾਡੀ ਮਦਦ ਕਰੇਗੀ।

ਜਦੋਂ ਸਰਕਾਰਾਂ ਟੈਕਸ ਭਰਨ ਵਾਲਿਆਂ ਦੇ ਪੈਸੇ ਨੂੰ ਉਹਨਾਂ ਚੀਜ਼ਾਂ 'ਤੇ ਬਰਬਾਦ ਨਹੀਂ ਕਰਦੀਆਂ ਜੋ ਕੰਮ ਨਹੀਂ ਕਰ ਰਹੀਆਂ ਤਾਂ ਅਸੀਂ ਫਾਇਦੇ ਵਿੱਚ ਰਹਿੰਦੇ ਹਾਂ।

## 6. ਹੁਣ ਸਮਾਂ ਆ ਚੁੱਕਾ ਹੈ।

ਆਵਾਜ਼ (ਵੌਇਸ) ਦਾ ਵਿਚਾਰ ਕਈ ਦਹਾਕਿਆਂ ਤੋਂ ਬਣ ਰਿਹਾ ਹੈ। ਬਹੁਤ ਸਾਰੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੇ ਸਖ਼ਤ ਮਿਹਨਤ ਅਤੇ ਸੁਹਿਰਦ ਭਾਵਨਾ ਨਾਲ ਇਸ ਵਿੱਚ ਕੰਮ ਕੀਤਾ ਹੈ।

No ਵੋਟ ਦਾ ਮਤਲਬ ਕੁਝ ਨਹੀਂ ਬਦਲੇਗਾ। ਇਸ ਦਾ ਮਤਲਬ ਇਹ ਸਵੀਕਾਰ ਕਰਨਾ ਹੈ ਕਿ ਅਸੀਂ ਬਿਹਤਰ ਨਹੀਂ ਕਰ ਸਕਦੇ।

**ਪਹਿਲਾਂ ਵਰਗੇ ਹਾਲਾਤਾਂ ਦਾ ਜੋਖਮ ਨਾ ਲਓ:**

- ਲੰਬੀ ਜਿੰਦਗੀ ਦੀ ਮਾੜੀ ਸੰਭਾਵਨਾ।
- ਸਿੱਖਿਆ ਅਤੇ ਰੁਜ਼ਗਾਰ ਵਿੱਚ ਮਾੜੇ ਨਤੀਜੇ।
- ਸਿਹਤ ਵਿੱਚ ਮਾੜੇ ਨਤੀਜੇ।

ਇਸ ਚੱਕਰ ਨੂੰ ਤੋੜਨ ਅਤੇ ਸਾਡੇ ਦੇਸ਼ ਨੂੰ ਇਕਜੁੱਟ ਕਰਨ ਲਈ Yes ਵੋਟ ਪਾਓ।

> **Eddie Betts, ਐਡੀਲੇਡ ਅਤੇ ਕਾਰਲਟਨ ਏ ਐਫ ਐਲ ਦੇ ਪ੍ਰਸਿੱਧ ਖਿਡਾਰੀ, Gubrun, Wirangu/Kokatha ਸਮਾਜ ਦਾ ਵਿਅਕਤੀ:**
> *"ਮੈਂ ਜਾਣਦਾ ਹਾਂ ਕਿ ਆਵਾਜ਼ (ਵੌਇਸ) ਰਾਤੋ-ਰਾਤ ਸਭ ਕੁਝ ਠੀਕ ਨਹੀਂ ਕਰੇਗੀ ਪਰ ਮੈਨੂੰ ਲੱਗਦਾ ਹੈ ਕਿ ਇਹ ਯਕੀਨੀ ਬਣਾਉਣ ਲਈ ਕਿ ਸਾਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਫੈਸਲੇ ਲੈਣ ਵਿੱਚ ਸਾਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਸਾਡਾ ਸਤਿਕਾਰ ਕੀਤਾ ਗਿਆ ਹੈ,ਆਵਾਜ਼ ਉਸ ਰਸਤੇ ਦੇ ਖੁੱਲਣ ਦੀ ਸ਼ੁਰੂਆਤ ਹੈ।"*

## 7. ਅਮਲੀ ਸਲਾਹ ਜੋ ਕੰਮ ਕਰਦੀ ਹੈ।

ਆਵਾਜ਼ (ਵੌਇਸ) ਆਦਿਵਾਸੀਆਂ ਦੀ ਸਿਹਤ, ਸਿੱਖਿਆ, ਰੁਜ਼ਗਾਰ ਅਤੇ ਰਿਹਾਇਸ਼ ਨੂੰ ਬਿਹਤਰ ਬਣਾਉਣ ਲਈ ਅਮਲੀ ਕਦਮਾਂ ਬਾਰੇ ਸਲਾਹ ਦੇਵੇਗੀ।

Yes ਕੇਸ ਜਾਰੀ ਹੈ p.18

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**





ਇਹ ਆਸਟ੍ਰੇਲੀਆ ਲਈ ਚੰਗਾ ਨਹੀਂ ਹੈ।

## 7. ਇਹ ਸਰਗਰਮ ਕਾਰਕੁਨਾਂ ਲਈ ਦਰਵਾਜ਼ਾ ਖੋਲ੍ਹਦੀ ਹੈ

ਕਾਨੂੰਨੀ ਅਨਿਸ਼ਚਿਤਤਾ ਅਤੇ ਵੇਰਵਿਆਂ ਦੀ ਅਣਹੋਂਦ ਇਹ ਸਵਾਲ ਉਠਾਉਂਦੀ ਹੈ: ਅੱਗੇ ਕੀ ਹੋਵੇਗਾ?

| |
|---|
| ਕੁਝ ਆਵਾਜ਼ (ਵੌਇਸ) ਸਮਰਥਕ ਇਹ ਕਹਿਣ ਵਿੱਚ ਅੱਗੇ ਆਏ ਹਨ ਕਿ ਇਹ ਆਵਾਜ਼ (ਵੌਇਸ) ਮੁਆਵਜ਼ੇ ਅਤੇ ਹਰਜਾਨੇ ਅਤੇ ਹੋਰ ਬੁਨਿਆਦੀ ਤਬਦੀਲੀਆਂ ਲਈ ਪਹਿਲਾ ਕਦਮ ਹੋਵੇਗੀ। |

> "ਇਹ ਪਹਿਲਾ ਕਦਮ ਹੈ, ਇਹ ਇੱਕ ਮਹੱਤਵਪੂਰਣ ਕਦਮ ਹੈ ਅਤੇ ਇਹ ਸਾਰੇ ਸਪਸ਼ਟੀਕਰਨਾ ਨੂੰ ਇਸਦੇ ਪਿੱਛੇ ਰੱਖਦਾ ਹੈ। ਉਦਾਹਰਨ ਲਈ, 'ਕਿਰਾਏ ਦਾ ਭੁਗਤਾਨ ਕਰੋ', ਅਸੀਂ ਇਸਨੂੰ ਪਾਰਦਰਸ਼ੀ ਤਰੀਕੇ ਨਾਲ ਕਿਵੇਂ ਕਰਦੇ ਹਾਂ ਅਤੇ ਜੋ ਅਸਲ ਵਿੱਚ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਮੁਆਵਜ਼ੇ ਅਤੇ ਹਰਜਾਨੇ ਦੇ ਤੌਰ ਤੇ ਵੇਖਿਆ ਜਾਵੇ...?"
> (*Thomas Mayo, ਰੈਫਰੈਂਡਮ ਕਾਰਜ ਸਮੂਹ*)[6]

ਦਿਲ ਤੋਂ ਉਲੂਰੂ ਬਿਆਨ (Uluru Statement from the Heart) ਕਹਿੰਦਾ ਹੈ ਕਿ ਕਿਸੇ ਸੰਧੀ ਕਰਨ ਅਤੇ ਸੱਚ ਬੋਲਣ ਤੋਂ ਪਹਿਲਾਂ ਆਵਾਜ਼ (ਵੌਇਸ) ਇੱਕ ਪਹਿਲਾ ਕਦਮ ਹੈ।

ਪਰਿਭਾਸ਼ਾ ਅਨੁਸਾਰ, ਇੱਕ ਸੰਧੀ ਸਰਕਾਰਾਂ ਵਿਚਕਾਰ ਇੱਕ ਸਮਝੌਤਾ ਹੁੰਦਾ ਹੈ, ਨਾ ਕਿ ਨਾਗਰਿਕਾਂ ਦੇ ਇੱਕ ਸਮੂਹ ਅਤੇ ਉਸਦੀ ਸਰਕਾਰ ਵਿਚਕਾਰ।

ਸਰਕਾਰ ਦੇ ਰੈਫਰੈਂਡਮ (ਜਨਮਤ ਸੰਗ੍ਰਹਿ) ਕਾਰਜ ਸਮੂਹ ਦੇ ਇੱਕ ਸਦੱਸ ਨੇ "ਸੱਚ" ਨੂੰ "ਪੁਰਾਣੇ ਬਸਤੀਵਾਦੀ ਸੰਸਥਾਵਾਂ ਦੇ ਖਾਤਮੇ" ਵੱਲ ਅਗਵਾਈ ਕਰਨ ਲਈ "ਇਸਦਾ ਫਾਇਦਾ ਉਠਾਉਣ" ਵਜੋਂ ਦਰਸਾਇਆ ਹੈ।

> "ਸਾਨੂੰ ਸਾਡੇ ਲੋਕਾਂ ਲਈ ਸੰਧੀਆਂ ਲਈ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਰਨ ਅਤੇ ਹੋਰ ਚੀਜ਼ਾਂ ਜਿਵੇਂ ਕਿ ਕਾਨੂੰਨ, ਸੁਧਾਰ ਅਤੇ ਸੰਸਥਾਵਾਂ ਦੇ ਖਾਤਮੇ ਵਰਗੀਆਂ ਹੋਰ ਚੀਜ਼ਾਂ, ਪੁਰਾਣੀਆਂ ਬਸਤੀਵਾਦੀ ਸੰਸਥਾਵਾਂ ਜੋ ਸਾਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਹਨ, ਜੋ ਚਾਹੀਦਾ ਹੈ, ਆਵਾਜ਼ ਉਸ ਨਾਲੋਂ ਕਿਤੇ ਜ਼ਿਆਦਾ ਹੈ।"
> (*Thomas Mayo, ਰੈਫਰੈਂਡਮ ਕਾਰਜ ਸਮੂਹ*)[7]

ਪਹਿਲਾਂ ਹੀ, ਬਹੁਤ ਸਾਰੇ ਕਾਰਕੁਨ **ਆਸਟ੍ਰੇਲੀਆ ਦਿਵਸ ਨੂੰ ਖਤਮ ਕਰਨ, ਸਾਡੇ ਝੰਡੇ ਅਤੇ ਹੋਰ ਸੰਸਥਾਵਾਂ** ਅਤੇ ਆਸਟ੍ਰੇਲੀਆ ਦੇ ਲੋਕਾਂ ਦੇ ਮਹੱਤਵਪੂਰਨ **ਚਿੰਨ੍ਹਾਂ** ਨੂੰ ਬਦਲਣ ਲਈ ਮੁਹਿੰਮ ਚਲਾ ਰਹੇ ਹਨ।

> "ਇਹ ਹਮੇਸ਼ਾ #abolishAustraliaDay (#ਆਸਟ੍ਰੇਲੀਆ ਦਿਵਸ ਨੂੰ ਖਤਮ ਕਰੋ) ਰਿਹਾ ਹੈ, ਤਾਰੀਖ ਨੂੰ ਬਦਲਣਾ ਅਜਿਹਾ ਕਰਨ ਤੋਂ ਬਚਣ ਦਾ ਇੱਕ ਤਰੀਕਾ ਹੈ।"
> (*Teela Reid, ਰੈਫਰੈਂਡਮ ਸ਼ਮੂਲੀਅਤ ਸਮੂਹ*)[8]

ਜੇਕਰ ਕੋਈ ਸੰਵਿਧਾਨਕ ਤੌਰ 'ਤੇ ਲਾਗੂ ਕੀਤੀ ਆਵਾਜ਼ (ਵੌਇਸ) ਹੈ, ਤਾਂ ਇਹ ਸੱਦੇ ਹੋਰ ਉੱਚੇ ਹੁੰਦੇ ਜਾਣਗੇ।

> "ਆਸਟ੍ਰੇਲੀਆ ਦੇ ਲੋਕਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਆਵਾਜ਼ (ਵੌਇਸ) ਦੀ ਵਰਤੋਂ ਆਸਟ੍ਰੇਲੀਆ ਅਤੇ ਆਦਿਵਾਸੀਆਂ, ਦੋਹਾਂ ਦੀ ਪ੍ਰਭੁਸੱਤਾ ਇਕੱਠੇ-ਮੌਜੂਦ ਹੋਣ ਦੀ ਮਾਨਤਾ, ਮਕਰਰਾਤਾ ਕਮਿਸ਼ਨ ਜੋ ਇੱਕ ਸੰਧੀ ਅਤੇ ਮਾਲੀ ਮੁਆਵਜ਼ਾ ਬਨਾਉਣ ਲਈ ਤਿਆਰ ਕੀਤਾ ਗਿਆ ਹੈ , ਅਤੇ ਆਸਟ੍ਰੇਲੀਆ ਦੇ ਇਤਿਹਾਸ ਨੂੰ ਮੁੜ ਲਿਖਣ ਲਈ ਮੰਗਾਂ ਦਾ ਸਮਰਥਨ ਕਰਨ ਲਈ ਕੀਤਾ ਜਾਵੇਗਾ ...
> ਆਸਟ੍ਰੇਲੀਅਨ ਸਮਾਜ ਨੂੰ ਕਦੇ ਨਾ ਠੀਕ ਹੋਣ ਵਾਲੇ ਵੱਡੇ ਨੁਕਸਾਨ ਦੀ ਸੰਭਾਵਨਾ ਹੋਣ ਦਾ ਮਤਲਬ ਹੈ ਕਿ ਆਵਾਜ਼ (ਵੌਇਸ) ਨੂੰ ਕਦੇ ਵੀ ਆਸਟ੍ਰੇਲੀਆ ਦੇ ਸੰਵਿਧਾਨ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ਹੈ..."
> (*Terence Cole AO RFD KC, ਸਾਬਕਾ NSW (ਐਨ ਐਸ ਡਬਲਯੂ) ਸੁਪਰੀਮ ਕੋਰਟ ਜੱਜ*)[9]

## 8. ਇਹ ਮਹਿੰਗੀ ਅਤੇ ਅਫ਼ਸਰਸ਼ਾਹੀ ਵਾਲੀ ਹੋਵੇਗੀ

ਸਾਨੂੰ ਨਹੀਂ ਪਤਾ ਕਿ ਇਸ ਆਵਾਜ਼ (ਵੌਇਸ) ਨੂੰ ਕਿੰਨਾ ਵਾਧੂ ਫੰਡ ਦਿੱਤਾ ਜਾਵੇਗਾ।

ਇਹ ਇਕ ਹੋਰ ਵੇਰਵਾ ਹੈ ਜੋ ਰੈਫਰੈਂਡਮ (ਜਨਮਤ ਸੰਗ੍ਰਹਿ) ਤੋਂ ਬਾਅਦ ਹੀ ਨਿਰਧਾਰਤ ਕੀਤਾ ਜਾਵੇਗਾ।

**ਇਸ ਸਮੇਂ** ਸਰਕਾਰ ਦੇ ਸਾਰੇ ਪੱਧਰਾਂ 'ਤੇ **ਸੈਂਕੜੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਪ੍ਰਤੀਨਿਧੀ ਸੰਸਥਾਵਾਂ ਹਨ।**

| |
|---|
| ਇਸ ਸਾਲ, ਸਰਕਾਰ ਨੇ ਨੈਸ਼ਨਲ ਇੰਡੀਜੀਨੀਅਸ ਆਸਟ੍ਰੇਲੀਅਨ ਏਜੰਸੀ ਲਈ $4.3 ਬਿਲੀਅਨ ਡਾਲਰ ਦਿੱਤੇ ਹਨ, ਜਿਸ ਵਿੱਚ 1,400 ਅਮਲਾ ਹੈ। |

ਇਸ ਏਜੰਸੀ ਦੀ ਵੈੱਬਸਾਈਟ ਅਤੇ ਕਾਰਪੋਰੇਟ ਯੋਜਨਾ ਕਹਿੰਦੀ ਹੈ: "ਅਸੀਂ... ਇਹ ਯਕੀਨੀ ਬਣਾਉਂਦੇ ਹਾਂ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਉਹਨਾਂ ਫੈਸਲਿਆਂ ਵਿੱਚ ਆਪਣੀ ਰਾਏ ਦੇਣ ਦਾ ਹੱਕ ਹੋਵੇ ਜੋ ਉਹਨਾਂ ਨੂੰ ਪ੍ਰਭਾਵਤ ਕਰਦੇ ਹਨ।"

---

6 ਸਰਚ ਫਾਊਂਡੇਸ਼ਨ ਭਾਸ਼ਣ, 12/2/2020
7 ਸਰਚ ਫਾਊਂਡੇਸ਼ਨ ਭਾਸ਼ਣ, 12/2/2020
8 ਟਵਿੱਟਰ, 24/1/2023
9 ਸਪੇਕਟੈਟਰ ਆਸਟ੍ਰੇਲੀਆ, 6/4/2023; ਸੰਸਦੀ ਜਾਂਚ ਸਪੁਰਦਗੀ, 19/4/2023

No ਕੇਸ ਜਾਰੀ ਹੈ p.19

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ aec.gov.au/referendums/pamphlet.htm 'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**

# Yes ਵੋਟ ਪਾਉਣ ਲਈ ਕੇਸ

ਸੰਵਿਧਾਨ ਵਿੱਚ ਆਵਾਜ਼ (ਵੌਇਸ) ਨੂੰ ਸ਼ਾਮਲ ਕਰਨਾ ਇਸਨੂੰ ਹੁਣ ਅਤੇ ਭਵਿੱਖ ਵਾਸਤੇ, ਸਥਿਰਤਾ ਅਤੇ ਸੁਤੰਤਰਤਾ ਪ੍ਰਦਾਨ ਕਰਦਾ ਹੈ।

ਇਸਦਾ ਮਤਲਬ ਹੈ ਕਿ ਆਵਾਜ਼ (ਵੌਇਸ) ਥੋੜ੍ਹੇ ਸਮੇਂ ਦੀ ਰਾਜਨੀਤੀ ਵਿੱਚ ਫਸੇ ਬਿਨਾਂ, ਸਪਸ਼ਟ ਸਲਾਹ ਦੇ ਸਕਦੀ ਹੈ।

**ਅਸੀਂ ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਨੂੰ ਦਰਪੇਸ਼ ਆਉਂਦੀਆਂ ਸਾਰੀਆਂ ਚੁਣੌਤੀਆਂ ਨੂੰ ਰਾਤੋ ਰਾਤ ਹੱਲ ਨਹੀਂ ਕਰ ਸਕਦੇ। ਸਾਨੂੰ ਹੁਣ ਕਾਰਵਾਈ ਕਰਨ ਦੀ, 'ਤੇ ਨਾਲ ਹੀ ਲੰਬੇ ਸਮੇਂ ਲਈ ਯੋਜਨਾ ਬਣਾਉਣ ਦੀ ਲੋੜ ਹੈ।**

ਇਸ ਲਈ ਸਾਨੂੰ ਆਵਾਜ਼ (ਵੌਇਸ) ਦੀ ਲੋੜ ਹੈ ਜਿਸ ਨੂੰ ਇਕ ਵਾਰੀ ਕਲਮ ਚਲਾਕੇ ਖ਼ਤਮ ਨਹੀਂ ਕੀਤਾ ਜਾ ਸਕਦਾ।

ਕਾਨੂੰਨੀ ਮਾਹਿਰਾਂ ਨੇ ਸਪੱਸ਼ਟ ਕੀਤਾ ਹੈ ਕਿ ਆਵਾਜ਼ (ਵੌਇਸ) ਕੋਲ ਕਾਨੂੰਨਾਂ ਜਾਂ ਫੈਸਲਿਆਂ ਨੂੰ ਰੋਕਣ, ਦੇਰੀ ਜਾਂ ਵੀਟੋ (ਕਾਨੂੰਨ ਰੋਕਣ) ਕਰਨ ਦੀ ਸ਼ਕਤੀ ਨਹੀਂ ਹੋਵੇਗੀ। **ਅਵਾਜ਼ (ਵੌਇਸ) ਸਲਾਹ ਦੇਣ ਲਈ ਹੈ।**

## 8. ਸਰਕਾਰ ਦੇ ਕੰਮ ਨੂੰ ਬਿਹਤਰ ਬਣਾਉਣਾ।

Yes ਵੋਟ ਪਾਉਣ ਦਾ ਮਤਲਬ ਹੈ:

- ਸਰਕਾਰ ਨੂੰ ਬਿਹਤਰ ਸਲਾਹ ਮਿਲ ਰਹੀ ਹੈ ਅਤੇ ਬਿਹਤਰ ਨਤੀਜੇ ਦੇ ਰਹੀ ਹੈ।
- ਮਾਹਿਰਾਂ ਦੁਆਰਾ ਸਮਰਥਤ ਸੰਵਿਧਾਨ ਵਿੱਚ ਇੱਕ ਵਾਧਾ।

ਸੀਨੀਅਰ ਵਕੀਲ ਅਤੇ ਹਾਈ ਕੋਰਟ ਦੇ ਸਾਬਕਾ ਜੱਜ ਇਸ ਪ੍ਰਕਿਰਿਆ ਦਾ ਹਿੱਸਾ ਰਹੇ ਹਨ।

### ਕਾਨੂੰਨੀ ਮਾਹਿਰ ਕੀ ਕਹਿੰਦੇ ਹਨ:

- ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਸਹੀ।
- ਸਾਡੀ ਸਰਕਾਰ ਦੀ ਪ੍ਰਣਾਲੀ ਨੂੰ **ਵਧੀਆ** ਬਨਾਵੇਗੀ।
- ਕੋਈ ਵੀਟੋ ਪਾਵਰ ਨਹੀਂ - ਸੰਸਦ ਅਤੇ ਸਰਕਾਰ ਕੋਲ ਅੰਤਮ ਫੈਸਲਾ ਹੈ।

**Robert French AC, ਆਸਟ੍ਰੇਲੀਆ ਦੇ ਹਾਈ ਕੋਰਟ 2008-2017 ਦੇ ਚੀਫ਼ ਜਸਟਿਸ ਅਤੇ Geoffrey Lindell, ਕਾਨੂੰਨ ਦੇ ਸੇਵਾਮੁਕਤ ਪ੍ਰੋਫੈਸਰ, ਐਡੀਲੇਡ ਯੂਨੀਵਰਸਿਟੀ:**

*"ਆਵਾਜ਼ (ਵੌਇਸ)ਇੱਕ ਵੱਡਾ ਵਿਚਾਰ ਹੈ ਪਰ ਇੱਕ ਗੁੰਝਲਦਾਰ ਨਹੀਂ ਹੈ। ਇਸ ਵਿੱਚ ਘੱਟ ਜੋਖਮ ਦੇ ਨਾਲ ਵੱਧ ਫਾਇਦਾ ਹੈ ...*

*ਆਵਾਜ਼ (ਵੌਇਸ)ਮੂਲ ਨਿਵਾਸੀਆਂ ਨੂੰ ਸੰਸਦ ਅਤੇ ਸਰਕਾਰ ਨੂੰ ਜਾਣਕਾਰੀ ਭਰੀ ਅਤੇ ਸੁਚੱਜੀ ਅਤੇ ਭਰੋਸੇਮੰਦ ਸਲਾਹ ਦੇਣ ਦਾ ਇੱਕ ਵਿਹਾਰਕ ਮੌਕਾ ਪ੍ਰਦਾਨ ਕਰੇਗੀ।"*

- ਜੁਆਇੰਟ ਓਪੀਨੀਅਨ ਪੀਸ (ਸਾਂਝਾ ਫੈਸਲਾ), ਆਸਟ੍ਰੇਲੀਅਨ ਫਾਈਨੈਂਸ਼ੀਅਲ ਰਿਵਿਊ, 4/2/2023।

## ਹੁਣ ਇਹ ਸਾਡੇ 'ਤੇ ਨਿਰਭਰ ਕਰਦਾ ਹੈ।

**Evonne Goolagong Cawley AC MBE, ਸਾਬਕਾ ਟੈਨਿਸ ਵਿਸ਼ਵ ਨੰਬਰ ਇੱਕ, Wiradjuri ਸਮਾਜ ਦੀ ਔਰਤ:**

*" Yes ਵੋਟ ਪਾਉਣਾ ਸਾਰੇ ਆਸਟ੍ਰੇਲੀਆ ਦੇ ਲੋਕਾਂ ਲਈ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੁਆਰਾ ਸਾਡੇ ਦੇਸ਼ ਲਈ ਪਾਏ ਯੋਗਦਾਨ ਦਾ ਜਸ਼ਨ ਮਨਾਉਣ ਅਤੇ ਅਗਲੀ ਪੀੜ੍ਹੀ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰਨ ਦਾ ਇੱਕ ਮੌਕਾ ਹੈ। ਆਓ ਇਸ ਪਲ ਨੂੰ ਦੋਵਾਂ ਹੱਥਾਂ ਨਾਲ ਬੋਚ ਲਈਏ।"*

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੇ ਸਾਨੂੰ ਪੀੜ੍ਹੀ ਵਿੱਚ ਇੱਕ ਵਾਰ ਮਿਲਣ ਵਾਲਾ ਮੌਕਾ ਦਿੱਤਾ ਹੈ।

**ਅਸੀਂ ਇੱਕ ਮਹਾਨ ਇਕਜੁੱਟ ਹੋਣ ਵਾਲੇ ਪਲ ਦਾ ਹਿੱਸਾ ਬਣਨ ਲਈ Yes ਵੋਟ ਪਾ ਸਕਦੇ ਹਾਂ ਜੋ ਇੱਕ ਬਿਹਤਰ ਭਵਿੱਖ ਲਿਆਵੇਗਾ।**

ਅਸੀਂ ਇਹਨਾ ਚੀਜ਼ਾਂ ਲਈ Yes ਵੋਟ ਪਾ ਸਕਦੇ ਹਾਂ:

- ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਸਹੀ ਕੰਮ ਕਰਕੇ।
- ਲੋਕਾਂ ਨੂੰ ਉਹਨਾਂ ਮੁੱਦਿਆਂ 'ਤੇ ਆਪਣੀ ਰਾਏ ਦੇਣ ਦਾ ਮੌਕਾ ਦੇ ਕੇ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ।
- ਇੱਕ ਵਿਵਹਾਰਕ ਬਦਲਾਅ ਲਿਆ ਕੇ ਜੋ ਜੀਵਨ ਨੂੰ ਸੁਧਾਰਦਾ ਹੈ।

ਆਓ **ਮਾਨਤਾ ਦੇਣ**, **ਸੁਣਨ ਅਤੇ ਬਿਹਤਰ ਨਤੀਜਿਆਂ** ਲਈ Yes ਵੋਟ ਕਰੀਏ।

ਆਉ ਇਹ ਯਕੀਨੀ ਬਣਾਉਣ ਲਈ Yes ਵੋਟ ਕਰੀਏ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਆਪਣੇ ਬੱਚਿਆਂ ਲਈ ਵਧੇਰੇ ਮੌਕਿਆਂ ਦੇ ਸਮੇਤ ਬਿਹਤਰ ਜ਼ਿੰਦਗੀ ਜਿਉਣ।

ਏਕੇ ਦੀ ਭਾਵਨਾ ਨਾਲ, ਆਓ ਮਿਲ ਕੇ Yes ਵੋਟ ਪਾਈਏ।

**YES ਕੇਸ ਦਾ ਅੰਤ।**

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ** aec.gov.au/referendums/pamphlet.htm **'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਹੱਕ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**



# No ਵੋਟ ਪਾਉਣ ਲਈ ਕੇਸ

ਅਜਿਹਾ ਕੋਈ ਸੁਝਾਅ ਨਹੀਂ ਹੈ ਕਿ ਇਹ ਆਵਾਜ਼ (ਵੌਇਸ) ਇਹਨਾਂ ਵਿੱਚੋਂ ਕਿਸੇ ਦੀ ਥਾਂ ਲਵੇਗੀ। ਇਹ ਕਈਆਂ ਅਫ਼ਸਰਸ਼ਾਹੀਆਂ ਵਿੱਚੋਂ ਇੱਕ ਅਫ਼ਸਰਸ਼ਾਹੀ ਵਜੋਂ ਕੰਮ ਕਰੇਗੀ।

## 9. ਇਹ ਆਵਾਜ਼ (ਵੌਇਸ) ਸਥਾਈ ਹੋਵੇਗੀ

ਇਹ ਆਵਾਜ਼ (ਵੌਇਸ) ਇੱਕ ਤਜਰਬਾ ਜਾਂ ਪਾਇਲਟ ਪ੍ਰੋਗਰਾਮ ਨਹੀਂ ਹੈ। ਇਹ ਕਾਨੂੰਨ ਵਿਚ ਨਹੀਂ ਹੋਵੇਗੀ ਜਿਸ ਨੂੰ ਵਾਪਿਸ ਲਿਆ ਜਾ ਸਕੇ।

ਇੱਕ ਵਾਰ ਸੰਵਿਧਾਨ ਵਿੱਚ ਆ ਜਾਣ ਤੋਂ ਬਾਅਦ ਇਸਨੂੰ ਰੱਦ ਨਹੀਂ ਕੀਤਾ ਜਾਵੇਗਾ।

ਇੱਕ ਵਾਰ ਜਦੋਂ ਹਾਈ ਕੋਰਟ ਨੇ ਕੋਈ ਵਿਆਖਿਆ ਕਰ ਲਈ ਤਾਂ ਸੰਸਦ ਇਸ ਨੂੰ ਰੱਦ ਨਹੀਂ ਕਰ ਸਕਦੀ।

ਅਸੀਂ ਸਦਾ ਲਈ ਨਕਾਰਾਤਮਕ ਨਤੀਜਿਆਂ ਦੇ ਨਾਲ ਇਸ ਵਿੱਚ ਫਸ ਜਾਵਾਂਗੇ।

## 10. ਅੱਗੇ ਵਧਣ ਦੇ ਬਿਹਤਰ ਤਰੀਕੇ ਹਨ

ਇਹ ਰੈਫਰੈਂਡਮ (ਜਨਮਤ ਸੰਗ੍ਰਹਿ) ਸੰਵਿਧਾਨ ਵਿੱਚ ਆਸਟ੍ਰੇਲੀਆ ਦੇ ਆਦਿਵਾਸੀ ਲੋਕਾਂ ਨੂੰ ਸਿਰਫ਼ ਮਾਨਤਾ ਦੇਣ ਬਾਰੇ ਨਹੀਂ ਹੈ।

**ਇਹ ਇਸਨੂੰ ਇੱਕ ਜੋਖਮ ਭਰੀ, ਅਣਜਾਣ ਅਤੇ ਸਥਾਈ ਆਵਾਜ਼ (ਵੌਇਸ) ਨਾਲ ਬੰਨ੍ਹੇ ਬਿਨਾਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।**

ਮਾਨਤਾ ਦੇਣ ਨੂੰ ਆਸਟ੍ਰੇਲੀਆ ਦੇ ਲੋਕਾਂ ਦਾ ਵਿਆਪਕ ਸਮਰਥਨ ਪ੍ਰਾਪਤ ਹੈ। ਹਾਲਾਂਕਿ, ਇਹ ਆਵਾਜ਼ (ਵੌਇਸ) ਦਾ ਪ੍ਰਸਤਾਵ ਇੱਕ ਸਮੱਸਿਆ ਹੈ।

ਆਸਟ੍ਰੇਲੀਆ ਦੇ ਬਹੁਤ ਸਾਰੇ ਲੋਕ ਹਨ ਜੋ ਸਿਧਾਂਤਕ ਤੌਰ 'ਤੇ ਆਵਾਜ਼ (ਵੌਇਸ) ਦਾ ਵਿਰੋਧ ਕਰਦੇ ਹਨ।

ਦੂਸਰੇ ਲੋਕ ਘੱਟ ਜੋਖਮ ਵਾਲੇ ਆਵਾਜ਼ (ਵੌਇਸ) ਦੇ ਵਿਕਲਪ 'ਤੇ ਵਿਚਾਰ ਕਰਨ ਲਈ ਤਿਆਰ ਹੋ ਸਕਦੇ ਹਨ, ਪਰ ਸਰਕਾਰ ਨੇ ਤੁਹਾਨੂੰ ਇਹ ਵਿਕਲਪ ਦਿੱਤਾ ਹੀ ਨਹੀਂ ਹੈ।

ਜਦੋਂ ਸੰਵਿਧਾਨ ਵਿੱਚ ਪਹਿਲਾਂ ਤਬਦੀਲੀਆਂ ਦਾ ਪ੍ਰਸਤਾਵ ਕੀਤਾ ਗਿਆ ਹੈ, ਤਾਂ ਵਿਕਲਪਾਂ ਅਤੇ ਵੇਰਵਿਆਂ 'ਤੇ ਸਹੀ ਢੰਗ ਨਾਲ ਵਿਚਾਰ ਕਰਨ ਲਈ ਇੱਕ ਸੰਵਿਧਾਨਕ ਸੰਮੇਲਨ ਕਰਵਾਇਆ ਗਿਆ ਹੈ।

ਇੱਥੇ ਅਜਿਹੀ ਕੋਈ ਕਾਰਵਾਈ ਨਹੀਂ ਹੋਈ। ਇਹ ਪ੍ਰਕਿਰਿਆ ਕਾਹਲੀ ਅਤੇ ਧੱਕੇ ਨਾਲ ਕੀਤੀ ਗਈ ਹੈ।

ਇਹ ਤਰੀਕਾ ਇਕਜੁੱਟਤਾ ਵਾਲਾ ਜਾਂ ਪ੍ਰਭਾਵਸ਼ਾਲੀ ਨਹੀਂ ਹੈ। ਇਹ ਵੰਡਣ ਵਾਲਾ ਹੈ।

## ਇਹ ਫੈਸਲਾ ਤੁਹਾਡਾ ਹੈ

ਇਹ ਬਹੁਤ ਮਹੱਤਵਪੂਰਨ ਫੈਸਲਾ ਹੈ। ਬਦਕਿਸਮਤੀ ਨਾਲ, ਆਸਟ੍ਰੇਲੀਆ ਦੇ ਬਹੁਤ ਸਾਰੇ ਲੋਕਾਂ ਦੇ ਜਾਇਜ਼ ਸਵਾਲਾਂ ਅਤੇ ਚਿੰਤਾਵਾਂ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਖੁਸ਼ਕਿਸਮਤੀ ਨਾਲ, ਇਸ ਰੈਫਰੈਂਡਮ (ਜਨਮਤ ਸੰਗ੍ਰਹਿ) ਦਾ ਫੈਸਲਾ ਸਿਆਸਤਦਾਨਾਂ, ਕਾਰਪੋਰੇਸ਼ਨਾਂ ਜਾਂ ਮਸ਼ਹੂਰ ਹਸਤੀਆਂ ਦੁਆਰਾ ਨਹੀਂ ਕੀਤਾ ਜਾਵੇਗਾ।

ਇਸ ਦਾ ਫੈਸਲਾ ਹਰ ਆਸਟ੍ਰੇਲੀਆ ਵਾਸੀ ਕਰੇਗਾ। ਇਹ ਹਰ ਆਸਟ੍ਰੇਲੀਆ ਵਾਸੀ ਨੂੰ ਪ੍ਰਭਾਵਿਤ ਕਰਦਾ ਹੈ।

**ਜੇ ਤੁਸੀਂ ਨਹੀਂ ਜਾਣਦੇ ਹੋ, ਤਾਂ no ਵੋਟ ਪਾਓ।**

## ਹੋਰ ਜਾਣਕਾਰੀ

ਜਾਣਕਾਰੀ ਅਤੇ ਅੱਪਡੇਟਾਂ ਲਈ ਇੱਥੇ ਜਾਓ:

- www.riskyvoice.com
- www.oneandfree.au
- www.australiansforunity.com.au

**NO ਕੇਸ ਦਾ ਅੰਤ।**

**ਇਹ ਕਿਸਨੇ ਲਿਖਿਆ ਹੈ?** **ਇਸ ਦਲੀਲ ਦੇ ਸਾਰ (ਜਿਸ ਨੂੰ** aec.gov.au/referendums/pamphlet.htm **'ਤੇ ਦੇਖਿਆ ਜਾ ਸਕਦਾ ਹੈ) ਨੂੰ ਸੰਸਦ ਦੇ ਉਨ੍ਹਾਂ ਬਹੁਮਤ ਮੈਂਬਰਾਂ ਦੁਆਰਾ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਦੇ ਵਿਰੋਧ ਵਿੱਚ ਵੋਟ ਪਾਈ ਸੀ ਅਤੇ ਅਜਿਹੇ ਕੇਸ ਨੂੰ ਅੱਗੇ ਲਿਆਉਣਾ ਚਾਹੁੰਦੇ ਸਨ। ਇਹ ਲਿਖਤ ਚੋਣ ਕਮਿਸ਼ਨਰ ਵੱਲੋਂ ਸੋਧ ਕੀਤੇ ਬਿਨਾਂ ਪ੍ਰਕਾਸ਼ਿਤ ਕੀਤੀ ਗਈ ਹੈ।**

ਇਹ ਪੰਨਾ ਜਾਣਬੁੱਝ ਕੇ ਖਾਲੀ ਛੱਡਿਆ ਗਿਆ ਹੈ



AEC
Australian Electoral Commission

# 2023 ਰੈਫਰੈਂਡਮ (ਜਨਮਤ ਸੰਗ੍ਰਹਿ) ਲਈ **ਤੁਹਾਡੀ ਅਧਿਕਾਰਤ ਗਾਈਡ**

**ਵੋਟਾਂ ਦਾ ਦਿਨ ਕਦੋਂ ਹੈ?**

ਵਧੇਰੇ ਜਾਣਕਾਰੀ ਲਈ, QR ਕੋਡ ਨੂੰ ਸਕੈਨ ਕਰੋ ਜਾਂ **aec.gov.au/referendums** 'ਤੇ ਜਾਓ

**aec.gov.au**
13 23 26

ਚੋਣ ਕਮਿਸ਼ਨਰ, 10 ਮੋਰਟ ਸਟ੍ਰੀਟ, ਕੈਨਬਰਾ ਦੁਆਰਾ ਅਧਿਕਾਰਤ
Authorised by the Electoral Commissioner, 10 Mort Street, Canberra

# ਚੋਣ ਕਮਿਸ਼ਨਰ **ਦਾ ਸੁਨੇਹਾ**

ਪਿੱਛਲੇ ਰੈਫਰੈਂਡਮ (ਜਨਮਤ ਸੰਗ੍ਰਹਿ) ਹੋਏ ਨੂੰ ਕਾਫ਼ੀ ਸਮਾਂ ਹੋ ਗਿਆ ਹੈ। ਆਖਰੀ ਵਾਰ ਇਹ 1999, ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸਦਾ ਮਤਲਬ ਹੈ ਕਿ ਇਸ ਗਾਈਡ ਨੂੰ ਪੜ੍ਹ ਰਹੇ ਬਹੁਤ ਸਾਰੇ ਲੋਕਾਂ ਲਈ, ਇਹ ਪਹਿਲੀ ਵਾਰ ਹੋਵੇਗਾ ਜਦੋਂ ਉਹਨਾਂ ਨੇ ਰੈਫਰੈਂਡਮ ਵਿੱਚ ਵੋਟ ਪਾਉਣੀ ਹੈ।

ਰੈਫਰੈਂਡਮ ਸੰਵਿਧਾਨ ਵਿੱਚ ਇੱਕ ਪ੍ਰਸਤਾਵਿਤ ਤਬਦੀਲੀ ਬਾਰੇ ਸਵਾਲ 'ਤੇ ਇੱਕ ਰਾਸ਼ਟਰੀ ਵੋਟ ਹੈ - ਇਸ ਮਾਮਲੇ ਵਿੱਚ ਸਵਾਲ ਹੈ, ਕੀ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਾਂ ਦੀ ਆਵਾਜ਼ (ਵਾਇਸ) ਨੂੰ ਸਥਾਪਤ ਕਰਕੇ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ ਨੂੰ ਮਾਨਤਾ ਦੇਣ ਲਈ ਸੰਵਿਧਾਨ ਨੂੰ ਬਦਲਣਾ ਹੈ ਜਾਂ ਨਹੀਂ।

ਰੈਫਰੈਂਡਮ ਦੀਆਂ ਵੋਟਾਂ ਚੋਣਾ ਤੋਂ ਵੱਖਰੀਆ ਹੁੰਦਿਆਂ ਹਨ, ਅਤੇ ਨਤੀਜਾ ਇਸ ਗੱਲ 'ਤੇ ਅਧਾਰਤ ਹੁੰਦਾ ਹੈ ਕਿ 'ਦੋਹਰੀ ਬਹੁਮਤ' ਕਿਸ ਪਾਸੇ ਵੋਟ ਪਾਉਂਦੀ ਹੈ - ਇਸ ਦਾ ਮਤਲੱਬ ਹੈ:

- ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਤੋਂ ਰਾਸ਼ਟਰੀ ਬਹੁਮਤ (50% ਤੋਂ ਵੱਧ), ਅਤੇ
- ਬਹੁਗਿਣਤੀ ਰਾਜਾਂ (ਛੇ ਵਿੱਚੋਂ ਘੱਟੋ-ਘੱਟ ਚਾਰ ਰਾਜਾਂ) ਵਿੱਚ ਬਹੁਮਤ (50% ਤੋਂ ਵੱਧ)।

AEC ਨੇ ਰੈਫਰੈਂਡਮ ਵਿੱਚ ਤੁਹਾਡੀ ਵੋਟ ਪਾਉਣ ਵਿੱਚ ਯੋਜਨਾ ਬਣਾਉਣ ਲਈ ਤੁਹਾਡੀ ਮਦਦ ਕਰਨ ਲਈ ਇਹ ਗਾਈਡ ਤਿਆਰ ਕੀਤੀ ਹੈ, ਜਿਸ ਵਿੱਚ ਸਹੀ ਢੰਗ ਨਾਲ ਵੋਟ ਕਿਵੇਂ ਪਾਉਣੀ ਹੈ, ਵੋਟ ਕੇਂਦਰ 'ਤੇ ਕੀ ਹੁੰਦਾ ਹੈ ਅਤੇ ਜਾਣਕਾਰੀ ਸਰੋਤਾਂ ਦੀ ਜਾਂਚ ਕਿਵੇਂ ਕਰਨੀ ਹੈ ਇਸ ਬਾਰੇ ਸੁਝਾਅ ਸ਼ਾਮਲ ਹਨ।

ਸਾਡੇ ਕੋਲ ਵੋਟਾਂ ਵਾਲੇ ਦਿਨ ਨੂੰ ਦੇਸ਼ ਭਰ ਵਿੱਚ 7,000 ਤੋਂ ਵੱਧ ਵੋਟ ਪਾਉਣ ਦੇ ਸਥਾਨ ਖੁੱਲ੍ਹੇ ਹੋਣਗੇ, ਅਗੇਤੀ ਵੋਟ ਪਾਉਣ ਦੇ ਵਿਕਲਪ ਹੋਣਗੇ, ਅਤੇ ਦੂਰ-ਦੁਰੇਡੇ ਦੀਆਂ ਵੋਟਰ ਸੇਵਾਵਾਂ ਦੀਆਂ ਟੀਮਾਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਦੂਰ-ਦੁਰਾਡੇ ਸਥਾਨਾਂ ਦਾ ਦੌਰਾ ਕਰਨਗੀਆਂ।

ਨਿਰਪੱਖ ਅਤੇ ਸੁਤੰਤਰ ਹੋਣਾ ਆਸਟ੍ਰੇਲੀਆ ਦੇ ਚੋਣ ਕਮਿਸ਼ਨ ਦੀ ਬੁਨਿਆਦ ਹੈ। ਸਾਡੇ ਦੁਆਰਾ ਚਲਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਤਾ, ਸੁਰੱਖਿਆ ਅਤੇ ਜਵਾਬਦੇਹੀ ਮਹੱਤਵਪੂਰਨ ਅਤੇ ਪੂਰੀ ਤਰ੍ਹਾਂ ਨਾਲ ਦਿੱਸਦੀ ਹੈ।

ਮੈਨੂੰ ਪ੍ਰਕਿਰਿਆ ਦੇ ਹਰ ਪੜਾਅ 'ਤੇ ਇਮਾਨਦਾਰੀ ਨਾਲ ਰੈਫਰੈਂਡਮ ਕਰਵਾਉਣ ਵਿੱਚ ਸਾਡੀ ਭੂਮਿਕਾ 'ਤੇ ਮਾਣ ਹੈ।

ਹੋਰ ਜਾਣਕਾਰੀ ਲਈ **aec.gov.au/referendums** 'ਤੇ ਜਾਓ।

**Tom Rogers**
ਚੋਣ ਕਮਿਸ਼ਨਰ

ਵੋਟਰ ਸੂਚੀ ਵਿੱਚ
**97%**
ਤੋਂ ਵੱਧ ਯੋਗ ਵੋਟਰ

**7,000+**
ਵੋਟ ਕੇਂਦਰ

**500+**
ਅਗੇਤੀ ਵੋਟ ਪਾਉਣ ਵਾਲੇ ਕੇਂਦਰ

**100,000** ਤੱਕ
ਅਸਥਾਈ ਜਨਮਤ ਸੰਗ੍ਰਹਿ ਸਟਾਫ਼

# ਰੁੱਕੋ ਅਤੇ ਸੋਚੋ

## ਇਸ ਰੈਫਰੈਂਡਮ (ਜਨਮਤ ਸੰਗ੍ਰਹਿ) ਦੇ ਦੌਰਾਨ ਸਰੋਤ ਦੀ ਜਾਂਚ ਕਰੋ

ਰੈਫਰੈਂਡਮ ਦੀ ਮਿਆਦ ਦੇ ਦੌਰਾਨ ਤੁਹਾਨੂੰ ਵੋਟਿੰਗ ਪ੍ਰਕਿਰਿਆ ਬਾਰੇ ਅਜਿਹੀ ਜਾਣਕਾਰੀ ਮਿਲ ਸਕਦੀ ਹੈ ਜਿਸ ਦੇ ਕੋਈ ਸਬੂਤ ਨਹੀਂ ਹਨ, ਸੰਦਰਭ ਗੁੰਮ ਹੈ ਜਾਂ ਜਾਣ ਬੁੱਝ ਕੇ ਗੁੰਮਰਾਹਕੁੰਨ ਹੈ।

AEC ਇੱਕ ਸੁਤੰਤਰ ਏਜੰਸੀ ਹੈ ਜਿਸਨੂੰ ਰੈਫਰੈਂਡਮ ਕਰਵਾਉਣ ਦਾ ਕੰਮ ਸੌਂਪਿਆ ਗਿਆ ਹੈ। ਅਸੀਂ ਵੋਟਰਾਂ ਨੂੰ ਇਸ ਵਿੱਚ ਹਿੱਸਾ ਲੈਣ ਦੀ ਉਹਨਾਂ ਦੀ ਲੋੜ, ਜਨਮਤ ਸੰਗ੍ਰਹਿ ਦੇ ਉਦੇਸ਼ ਅਤੇ ਵੋਟ ਪਾਉਣ ਦੇ ਵਿਕਲਪਾਂ ਬਾਰੇ ਦੱਸਾਂਗੇ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਰੈਫਰੈਂਡਮ ਪ੍ਰਕਿਰਿਆ ਬਾਰੇ ਜੋ ਵੀ ਦੇਖਦੇ, ਸੁਣਦੇ ਅਤੇ ਪੜ੍ਹਦੇ ਹੋ ਉਸ ਬਾਰੇ ਧਿਆਨ ਨਾਲ ਵਿਚਾਰ ਕਰੋ।

ਇਹ ਵਿਚਾਰ ਕਰਨ ਲਈ ਸਮਾਂ ਕੱਢੋ ਕਿ ਕੀ ਇਹ ਜਾਣਕਾਰੀ:

- ਇਹ ਭਰੋਸੇਯੋਗ ਜਾਂ ਮਾਨਤਾ ਪ੍ਰਾਪਤ ਸਰੋਤ ਤੋਂ ਹੈ
- ਮੌਜੂਦਾ/ਚਲੰਤ ਹੈ
- ਸੁਰੱਖਿਅਤ ਹੈ (ਇਹ ਧੋਖਾ ਨਹੀਂ ਹੈ)।

ਇਹ ਖਾਸ ਤੌਰ 'ਤੇ ਮਹੱਤਵਪੂਰਨ ਹੈ ਜਦੋਂ ਜਾਣਕਾਰੀ ਸੋਸ਼ਲ ਮੀਡੀਆ ਅਤੇ ਆਨਲਾਈਨ 'ਤੇ ਹੋਵੇ।

ਵਧੇਰੇ ਜਾਣਕਾਰੀ ਲਈ **aec.gov.au/stopandconsider** 'ਤੇ ਜਾਓ ਅਤੇ ਮਦਦਗਾਰ ਸੁਝਾਵਾਂ ਦੇ ਨਾਲ ਛੋਟੇ ਵੀਡੀਓ ਦੇਖੋ।




ਚੋਣ ਕਮਿਸ਼ਨਰ, 10 ਮੋਰਟ ਸਟ੍ਰੀਟ, ਕੈਨਬਰਾ ਦੁਆਰਾ ਅਧਿਕਾਰਤ

# ਰੈਫਰੈਂਡਮ (ਜਨਮਤ ਸੰਗ੍ਰਹਿ) ਵਿੱਚ ਵੋਟ ਪਾਉਣ ਲਈ ਪਹਿਲਾਂ ਤੋਂ ਯੋਜਨਾ ਬਣਾਓ

## ਵੋਟ ਕੇਂਦਰ ਸਵੇਰੇ 8 ਵਜੇ ਖੁੱਲ੍ਹਣਗੇ ਅਤੇ ਸ਼ਾਮ 6 ਵਜੇ ਬੰਦ ਹੋਣਗੇ

### ਕਿਸਨੂੰ ਵੋਟ ਪਾਉਣ ਦੀ ਲੋੜ ਹੈ?

18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਸਾਰੇ ਨਾਗਰਿਕਾਂ ਨੂੰ ਇਸ ਰੈਫਰੈਂਡਮ ਵਿੱਚ ਨਾਮ ਦਰਜ ਕਰਵਾਉਣ ਅਤੇ ਵੋਟ ਪਾਉਣ ਦੀ ਲੋੜ ਹੈ।

### ਮੈਂ ਵੋਟ ਕਿੱਥੇ ਪਾ ਸਕਦਾ/ਸਕਦੀ ਹਾਂ?

ਤੁਸੀਂ ਵੋਟਾਂ ਵਾਲੇ ਦਿਨ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਵੀ ਵੋਟਾਂ ਪਾਉਣ ਵਾਲੇ ਸਥਾਨ 'ਤੇ ਵੋਟ ਪਾ ਸਕਦੇ ਹੋ। ਵੋਟਾਂ ਪਾਉਣ ਵਾਲੇ ਸਥਾਨ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹੇ ਰਹਿਣਗੇ।

ਵੋਟਾਂ ਪਾਉਣ ਵਾਲੇ ਸਥਾਨ ਆਮ ਤੌਰ 'ਤੇ ਸਥਾਨਕ ਸਕੂਲਾਂ, ਚਰਚਾਂ, ਭਾਈਚਾਰਕ ਕੇਂਦਰ ਦੇ ਹਾਲਾਂ ਅਤੇ ਜਨਤਕ ਇਮਾਰਤਾਂ ਵਿੱਚ ਸਥਿਤ ਹੁੰਦੇ ਹਨ। ਆਪਣੇ ਨਜ਼ਦੀਕੀ ਵੋਟ ਕੇਂਦਰ ਨੂੰ ਲੱਭਣ ਲਈ **aec.gov.au/where** 'ਤੇ ਜਾਓ

ਜੇ ਤੁਹਾਨੂੰ ਚੱਲਣ ਵਿੱਚ ਮੁਸ਼ਕਿਲ ਆਉਂਦੀ ਹੈ ਜਾਂ ਅਪਾਹਜਤਾ ਹੈ, ਜਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ, ਤਾਂ ਤੁਸੀਂ **aec.gov.au/where** 'ਤੇ ਵੋਟਾਂ ਪਾਉਣ ਵਾਲੇ ਸਥਾਨਾਂ ਤੇ ਉਪਲੱਬਧ ਸੁਵਿਧਾਵਾਂ ਦੇ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ।

ਨੇਤਰਹੀਣ ਅਤੇ ਘੱਟ ਨਜ਼ਰ ਵਾਲਿਆਂ ਦੇ ਲਈ ਵੋਟ ਪਾਉਣ ਦੇ ਵਿਕਲਪਾਂ ਲਈ, **aec.gov.au/assistance** 'ਤੇ ਜਾਓ ਜਾਂ **13 23 26** 'ਤੇ ਫ਼ੋਨ ਕਰੋ।

### ਜੇ ਮੈਂ ਕਿਸੇ ਹੋਰ ਰਾਜ ਜਾਂ ਪ੍ਰਦੇਸ਼ ਵਿੱਚ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਵੋਟਾਂ ਵਾਲੇ ਦਿਨ ਕਿਸੇ ਹੋਰ ਰਾਜ ਵਿੱਚ ਹੋਵੋਗੇ ਤਾਂ ਤੁਸੀਂ ਕਿਸੇ ਨਾਮਜ਼ਦ ਅੰਤਰਰਾਜੀ ਵੋਟਿੰਗ ਕੇਂਦਰ 'ਤੇ ਵੋਟ ਪਾ ਸਕਦੇ ਹੋ ਜਾਂ ਅਗੇਤੀ ਵੋਟਾਂ ਪਾਉਣ ਦੇ ਵਿਕਲਪਾਂ 'ਤੇ ਵਿਚਾਰ ਕਰ ਸਕਦੇ ਹੋ।

### ਜੇ ਮੈਂ ਵੋਟਾਂ ਵਾਲੇ ਦਿਨ ਵੋਟ ਨਾ ਪਾ ਸਕਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਵੋਟਾਂ ਵਾਲੇ ਦਿਨ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਵੋਟ ਪਾਉਣ ਵਾਲੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਤਾਂ ਤੁਸੀਂ ਵਿਅਕਤੀਗਤ ਤੌਰ 'ਤੇ ਜਲਦੀ ਜਾਂ ਡਾਕ ਰਾਹੀਂ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ।

### ਵਿਅਕਤੀਗਤ ਤੌਰ 'ਤੇ ਜਾ ਕੇ ਜਲਦੀ ਵੋਟ ਕਿਵੇਂ ਪਾਉਣੀ ਹੈ

ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਵੋਟ ਪਾ ਸਕਦੇ ਹੋ। ਅਗੇਤੀ ਵੋਟ ਪਾਉਣ ਵਾਲੇ ਕੇਂਦਰ ਵੋਟਾਂ ਦੇ ਦਿਨ ਤੋਂ ਦੋ ਹਫ਼ਤੇ ਪਹਿਲਾਂ ਸੋਮਵਾਰ ਤੋਂ ਖੁੱਲ੍ਹਣਗੇ। ਖੁੱਲਣ ਦੀਆਂ ਤਰੀਕਾਂ ਅਤੇ ਸਮੇਂ ਵੱਖੋ-ਵੱਖ ਹੁੰਦੇ ਹਨ, ਇਸ ਲਈ ਹਰੇਕ ਕੇਂਦਰ ਦੇ ਵੇਰਵਿਆਂ ਦੀ ਜਾਂਚ ਕਰਨ ਲਈ **aec.gov.au/where** 'ਤੇ ਜਾਓ।

ਅਗੇਤੀ ਵੋਟ ਪਾਉਣ ਬਾਰੇ ਹੋਰ ਜਾਣਕਾਰੀ ਲਈ ਅਤੇ ਇਹ ਦੇਖਣ ਲਈ ਕਿ ਕੀ ਤੁਸੀਂ ਯੋਗ ਹੋ, **aec.gov.au/early** 'ਤੇ ਜਾਓ ਜਾਂ **13 23 26** 'ਤੇ ਫ਼ੋਨ ਕਰੋ।

### ਡਾਕ ਰਾਹੀਂ ਅਗੇਤੀ ਵੋਟ ਕਿਵੇਂ ਪਾਉਣੀ ਹੈ

ਡਾਕ ਰਾਹੀਂ ਵੋਟ ਪਾਉਣਾ ਯੋਗ ਵੋਟਰਾਂ ਲਈ ਉਪਲਬਧ ਹੈ। **aec.gov.au/pva** 'ਤੇ ਜਾਂ QR ਕੋਡ ਨੂੰ ਸਕੈਨ ਕਰਕੇ ਆਪਣੀ ਯੋਗਤਾ ਦੀ ਜਾਂਚ ਕਰੋ ਅਤੇ ਆਨਲਾਈਨ ਅਰਜ਼ੀ ਦਿਓ।

ਕਿਰਪਾ ਕਰਕੇ **13 23 26** 'ਤੇ ਫ਼ੋਨ ਕਰੋ ਜੇਕਰ ਤੁਸੀਂ ਇਹ ਆਨਲਾਈਨ ਨਹੀਂ ਕਰ ਸਕਦੇ ਹੋ ਅਤੇ ਤੁਸੀਂ ਡਾਕ ਰਾਹੀਂ ਵੋਟ ਲਈ ਅਰਜ਼ੀ ਦੇਣਾ ਚਾਹੁੰਦੇ ਹੋ।

ਡਾਕ ਰਾਹੀਂ ਵੋਟ ਪਾਉਣ ਲਈ ਆਪਣੀ ਅਰਜ਼ੀ ਨੂੰ ਪੂਰਾ ਕਰੋ ਤਾਂ ਜੋ ਇਹ **ਵੋਟਾਂ ਵਾਲੇ ਦਿਨ ਤੋਂ ਪਹਿਲਾਂ ਬੁੱਧਵਾਰ ਨੂੰ ਸ਼ਾਮ 6 ਵਜੇ ਤੋਂ ਪਹਿਲਾਂ** AEC ਤੱਕ ਪਹੁੰਚ ਜਾਵੇ।

# ਵੋਟ ਪਾਉਣ ਵਾਲੇ ਸਥਾਨ 'ਤੇ ਕੀ ਹੁੰਦਾ ਹੈ

1. ਜਦੋਂ ਤੁਸੀਂ ਬੈਲਟ ਪੇਪਰ ਜਾਰੀ ਕਰਨ ਵਾਲੇ ਸਥਾਨ 'ਤੇ ਪਹੁੰਚਦੇ ਹੋ ਤਾਂ ਵੋਟ ਅਧਿਕਾਰੀ ਤੁਹਾਡਾ ਪੂਰਾ ਨਾਮ ਅਤੇ ਪਤਾ ਪੁੱਛੇਗਾ, ਅਤੇ ਜੇਕਰ ਤੁਸੀਂ ਪਹਿਲਾਂ ਹੀ 2023 ਦੇ ਰੈਫਰੈਂਡਮ (ਜਨਮਤ ਸੰਗ੍ਰਹਿ) ਵਿੱਚ ਵੋਟ ਪਾ ਚੁੱਕੇ ਹੋ। ਤੁਹਾਡੇ ਨਾਮ ਦੇ ਅੱਗੇ ਵੋਟਰ ਸੂਚੀ ਵਿੱਚ ਚਿੰਨ੍ਹ ਲਗਾ ਦਿੱਤਾ ਜਾਵੇਗਾ।
2. ਤੁਹਾਨੂੰ ਤੁਹਾਡਾ ਬੈਲਟ ਪੇਪਰ ਦੇ ਦਿੱਤਾ ਜਾਵੇਗਾ।
3. ਬੈਲਟ ਪੇਪਰ 'ਤੇ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।
4. ਆਪਣੇ ਬੈਲਟ ਪੇਪਰ ਨੂੰ ਭਰੋ।
5. ਇੱਕ ਵਾਰ ਜਦੋਂ ਤੁਸੀਂ ਆਪਣਾ ਬੈਲਟ ਪੇਪਰ ਪੂਰਾ ਭਰ ਲੈਂਦੇ ਹੋ, ਤਾਂ ਇਸਨੂੰ ਤਹਿ ਕਰੋ ਅਤੇ ਇਸਨੂੰ ਦਿੱਤੇ ਗਏ ਬੈਲਟ ਬਾਕਸ ਵਿੱਚ ਪਾਓ।
6. ਜੇਕਰ ਤੁਸੀਂ AEC ਵਲੋਂ ਦਿੱਤੀ ਪੈਨਸਿਲ ਦੀ ਵਰਤੋਂ ਕੀਤੀ ਹੈ, ਤਾਂ ਇਸ ਨੂੰ ਬਾਹਰ ਜਾਣ ਵੇਲੇ ਬਕਸੇ ਵਿੱਚ ਪਾ ਦਿਓ। ਬਾਹਰ ਨਿਕਲਣ ਵਾਲੇ ਦਰਵਾਜੇ ਦੇ ਨੇੜੇ ਹੈਂਡ ਸੈਨੀਟਾਈਜ਼ਰ ਉਪਲਬਧ ਹੋਵੇਗਾ।

**ਯਾਦ ਰੱਖੋ, ਜੇਕਰ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਤੁਸੀਂ ਕਿਸੇ ਭਰੋਸੇਮੰਦ ਵਿਅਕਤੀ ਨੂੰ ਆਪਣੇ ਨਾਲ ਲਿਆ ਸਕਦੇ ਹੋ ਜਾਂ ਵੋਟ ਅਧਿਕਾਰੀ ਨੂੰ ਪੁੱਛ ਸਕਦੇ ਹੋ।**

**AEC ਆਪਣੇ ਵੋਟਰਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦਾ ਹੈ। AEC ਕੋਵਿਡ-19 ਦੇ ਵਾਤਾਵਰਣ ਤੇ ਲਗਾਤਾਰ ਨਜ਼ਰ ਰੱਖਦਾ ਹੈ ਅਤੇ ਸੰਬੰਧਿਤ ਸਿਹਤ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰਦਾ ਹੈ। ਇਸ ਗਾਈਡ ਵਿਚਲੀ ਜਾਣਕਾਰੀ ਛਪਾਈ ਦੇ ਸਮੇਂ ਦੇ ਹਾਲਾਤਾਂ ਨੂੰ ਦਰਸਾਉਂਦੀ ਹੈ। ਇਸ ਦੇ ਨਤੀਜੇ ਵਜੋਂ ਲਾਗੂ ਕੀਤੇ ਗਏ ਉਪਾਵਾਂ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ।**

**ਹੈਂਡ ਸੈਨੀਟਾਈਜ਼ਰ ਉਪਲਬਧ ਹੋਵੇਗਾ ਅਤੇ ਤੁਹਾਨੂੰ ਮੂੰਹ ਤੇ ਪਾਉਣ ਵਾਲਾ ਮਾਸਕ ਲਿਆਉਣ ਅਤੇ ਪਹਿਨਣ ਅਤੇ ਸਰੀਰਕ ਦੂਰੀ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਤੁਸੀਂ ਇੱਕ ਸਾਫ਼ AEC ਪੈਨਸਿਲ ਦੀ ਵਰਤੋਂ ਕਰ ਸਕਦੇ ਹੋ, ਜਾਂ ਤੁਸੀਂ ਆਪਣੀ ਖੁਦ ਦੀ ਪੈਨਸਿਲ ਜਾਂ ਪੈਨ ਲਿਆ ਸਕਦੇ ਹੋ।**


Authorised by the Electoral Commissioner, 10 Mort Street, Canberra

# ਤੁਸੀਂ ਆਪਣੀ ਵੋਟ ਨੂੰ ਗਿਣਤੀ ਵਿੱਚ ਕਿਵੇਂ ਪਾਉਣਾ ਹੈ

ਇਸ ਰੈਫਰੈਂਡਮ (ਜਨਮਤ ਸੰਗ੍ਰਹਿ) ਲਈ ਤੁਹਾਨੂੰ ਆਸਟ੍ਰੇਲੀਆ ਦੇ ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਵਾਸਤੇ ਇੱਕ ਬੈਲਟ ਪੇਪਰ (ਵੋਟ) ਮਿਲੇਗਾ।

ਬੈਲਟ ਪੇਪਰ ‘ਤੇ:

ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਦਿੰਦੇ ਹੋ ਤਾਂ **YES** ਲਿਖੋ



OFFICIAL USE ONLY

Commonwealth of Australia

**BALLOT PAPER**

State/territory

**Referendum on proposed Constitution alteration**

**DIRECTIONS TO VOTER**

**Write “YES” or “NO” in the space provided opposite the question set out below.**

**A PROPOSED LAW:**
There would be a description of the proposed constitutional change here.

**DO YOU APPROVE THIS PROPOSED ALTERATION?** YES

**WRITE “YES” OR “NO”**


AEC Australian Electoral Commission

SAMPLE

ਬੈਲਟ ਪੇਪਰ (ਵੋਟ) ਦਾ ਨਮੂਨਾ

**ਜਾਂ**

ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਨਹੀਂ ਦਿੰਦੇ ਹੋ ਤਾਂ **NO** ਲਿਖੋ



OFFICIAL USE ONLY

Commonwealth of Australia

**BALLOT PAPER**

State/territory

**Referendum on proposed Constitution alteration**

**DIRECTIONS TO VOTER**

**Write “YES” or “NO” in the space provided opposite the question set out below.**

**A PROPOSED LAW:**
There would be a description of the proposed constitutional change here.

**DO YOU APPROVE THIS PROPOSED ALTERATION?** NO

**WRITE “YES” OR “NO”**

AEC Australian Electoral Commission

SAMPLE

ਬੈਲਟ ਪੇਪਰ (ਵੋਟ) ਦਾ ਨਮੂਨਾ

ਤੁਹਾਡਾ ਜਵਾਬ ਅੰਗਰੇਜ਼ੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

ਜੇਕਰ ਤੁਹਾਡੇ ਤੋਂ ਕੋਈ ਗਲਤੀ ਹੁੰਦੀ ਹੈ ਤਾਂ ਚਿੰਤਾ ਨਾ ਕਰੋ।
ਤੁਸੀਂ ਇੱਕ ਹੋਰ ਬੈਲਟ ਪੇਪਰ (ਵੋਟ) ਮੰਗ ਸਕਦੇ ਹੋ ਅਤੇ ਦੁਬਾਰਾ ਸ਼ੁਰੂ ਕਰ ਸਕਦੇ ਹੋ।

**18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਨਾਗਰਿਕਾਂ ਲਈ ਵੋਟ ਪਾਉਣਾ ਲਾਜ਼ਮੀ ਹੈ। ਜੇਕਰ ਤੁਸੀਂ ਵੋਟ ਨਹੀਂ ਪਾਉਂਦੇ ਹੋ ਤਾਂ ਤੁਹਾਨੂੰ ਜੁਰਮਾਨਾ ਹੋ ਸਕਦਾ ਹੈ ਜਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ। ਜੇਕਰ ਤੁਸੀਂ ਇੱਕ ਤੋਂ ਵੱਧ ਵਾਰ ਵੋਟ ਪਾਉਂਦੇ ਹੋ ਤਾਂ ਇਹ ਇੱਕ ਕਾਨੂੰਨੀ ਅਪਰਾਧ ਹੈ।**

ਚੋਣ ਕਮਿਸ਼ਨਰ, 10 ਮੋਰਟ ਸਟ੍ਰੀਟ, ਕੈਨਬਰਾ ਦੁਆਰਾ ਅਧਿਕਾਰਤ | Authorised by the Electoral Commissioner, 10 Mort Street, Canberra